ਸੂਰਜ ਦਾ ਹਲ਼ਫ਼ੀਆ ਬਿਆਨ

ਸੂਰਜ ਦਾ ਹਲਫ਼ੀਆ ਬਿਆਨ

(ਕਾਵਿ-ਸੰਗ੍ਰਹਿ)

ਨਵਤੇਜ ਗੜ੍ਹਦੀਵਾਲ਼ਾ

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

ਸੂਰਜ ਦਾ ਹਲਫ਼ੀਆ ਬਿਆਨ
(ਕਾਵਿ-ਸੰਗ੍ਰਹਿ)

ਨਵਤੇਜ ਗੜ੍ਹਦੀਵਾਲ਼ਾ
#82,ਵਾਰਡ ਨੰ: 4
ਹੰਸ ਨਗਰ ਪਿੰਡ ਤੇ ਡਾਕ: ਗੜ੍ਹਦੀਵਾਲ਼ਾ,
ਤਹਿਸੀਲ-ਦਸੂਹਾ ਜ਼ਿਲ੍ਹਾ-ਹੁਸ਼ਿਆਰਪੁਰ (ਪੰਜਾਬ)
ਮੁਬਾਇਲ 94637-76985

NAVTEJ GARHDIWALA
#82, WARD NO.4 V.P.O. GARHDIWALA
TEHSIL:DASUYA
DISTT:HOSHIARPUR (PB) Ph: 94637-76985

ਪਹਿਲੀ ਵਾਰ: ਮਾਰਚ 2014

© ਲੇਖਕ

ਪ੍ਰਕਾਸ਼ਕ : *ਤਰਕਭਾਰਤੀ ਪ੍ਰਕਾਸ਼ਨ,*
ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲਜ ਰੋਡ,
ਨੇੜੇ ਗਲ੍ਹੀ ਨੰਬਰ 8, ਬਰਨਾਲਾ-148101
ਫੋਨ : 01679-241744, 233244
Email : tarksheel@gmail.com

ਛਾਪਕ : ਸ਼ਿਵ ਸ਼ਕਤੀ ਪ੍ਰਿੰਟਰਜ਼, ਦਿੱਲੀ।

ਕੀਮਤ : 100/-

© 2014 All rights reserved
This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.

ਸਮਰਪਣ

ਧੁੰਦ ਨਾਲ਼ ਜੂਝ ਰਹੇ ਸੂਰਜਾਂ ਦੇ ਨਾਂ

ਦੋ-ਸ਼ਬਦ

'ਸੂਰਜ ਦਾ ਹਲਫ਼ੀਆ ਬਿਆਨ' ਨਵਤੇਜ ਗੜ੍ਹਦੀਵਾਲਾ ਦਾ ਨਵਾਂ ਕਾਵਿ ਸੰਗ੍ਰਹਿ ਹੈ। ਇਸਤੋਂ ਪਹਿਲਾਂ ਉਹ ਆਪਣੇ ਚਰਚਿਤ ਕਾਵਿ ਸੰਗ੍ਰਹਿ 'ਧੁੱਪ ਦੀ ਤਲਾਸ਼' ਰਾਹੀਂ ਪੰਜਾਬੀ ਕਵਿਤਾ ਵਿਚ ਆਪਣੀ ਪੱਕੀ ਥਾਂ ਬਣਾ ਚੁੱਕਿਆ ਹੈ। 'ਧੁੱਪ ਦੀ ਤਲਾਸ਼' ਦੀਆਂ ਸਮੁੱਚੀਆਂ ਕਵਿਤਾਵਾਂ ਜਿੱਥੇ ਗੰਭੀਰ ਸਮਾਜਿਕ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਉੱਥੇ ਨਾਲ ਹੀ ਨਵਤੇਜ ਦੇ ਕਾਵਿ-ਕਰਮ ਦੀ ਇਕ ਖਾਸ ਦਿਸ਼ਾ ਵੀ ਨਿਰਧਾਰਤ ਕਰਦੀਆਂ ਹਨ। ਉਸਦੀ ਕਵਿਤਾ ਜਿੱਥੇ ਸਦੀਆਂ ਤੋਂ ਵਰਣ ਵਿਵਸਥਾ ਦੇ ਮਗਰਮੱਛ ਦੇ ਜਬਾੜੇ ਵਿਚ ਸਿਸਕ ਰਹੇ ਅਦਨੇ ਮਨੁੱਖ ਦੀ ਹੋਂਦ ਤੇ ਹੋਣੀ ਨੂੰ ਅਗਰਭੂਮੀ ਵਿਚ ਲਿਆਉਂਦੀਆਂ ਹਨ, ਉਥੇ ਨਾਲ ਹੀ ਸਮਕਾਲੀ ਪ੍ਰਸਥਿਤੀਆਂ ਵਿਚ ਉਸਦੇ ਸਮਾਜਿਕ ਅਸਤਿਤਵ ਦਾ ਲੇਖਾ ਜੋਖਾ ਵੀ ਕਰਦੀਆਂ ਹਨ। ਉਸਦੀ ਕਵਿਤਾ ਵਿਚਲੇ ਸ਼ਕਤੀਸ਼ਾਲੀ ਬਿੰਬ ਅਤੇ ਪ੍ਰਤੀਕ 'ਧੁੱਪ' ਅਤੇ 'ਸੂਰਜ' ਆਦਿਕ ਉਸਦੀ ਕਵਿਤਾ ਪਿੱਛੇ ਕਾਰਜਸ਼ੀਲ ਗਹਿਰੇ ਆਸ਼ਾਵਾਦ ਦੀਆਂ ਧੁਨੀਆਂ ਨੂੰ ਵਿਅਕਤ ਕਰਦੇ ਹਨ। ਉਸਦੀ ਕਵਿਤਾ ਆਪੋਧਾਪੀ ਅਤੇ ਰੁਦਨ ਤੋਂ ਮੁਕਤ ਹੈ। ਨਵਤੇਜ ਦੀ ਹਥਲੀ ਪੁਸਤਕ 'ਸੂਰਜ ਦਾ ਹਲਫ਼ੀਆ ਬਿਆਨ' ਜਿੱਥੇ ਸਾਡੇ ਸਮਕਾਲੀ ਰਾਜਨੀਤਕ ਯਥਾਰਥ ਨਾਲ ਗਹਿਰਾ ਸੰਵਾਦ ਰਚਾਉਂਦੀ ਹੈ, ਉਥੇ ਨਾਲ ਹੀ ਸਾਡੇ ਸਮਕਾਲੀ ਸਮਾਜਿਕ ਅਤੇ ਰਾਜਨੀਤਕ ਵਰਤਾਰੇ ਦੀਆਂ ਤੈਹਿਆਂ ਵੀ ਫਰੋਲ਼ਦੀ ਹੈ ਜਿਨ੍ਹਾਂ ਨਾਲ ਮਨੁੱਖ ਦੀ ਹੋਂਦ ਅਤੇ ਹੋਣੀ ਦਾ ਮਸਲਾ ਜੁੜਿਆ ਹੋਇਆ ਹੈ। ਉਹ ਆਪਣੀ ਕਾਵਿ ਰਚਨਾ ਕਰਦਾ ਹੋਇਆ ਉਨ੍ਹਾਂ ਮੂਲ ਮਨੁੱਖੀ ਸਰੋਕਾਰਾਂ ਤੇ ਕੇਂਦਰਤ ਰਹਿੰਦਾ ਹੈ ਜਿਹੜੇ ਪਿੱਛੋਂ ਜਾ ਕੇ ਉਸਦੀ ਕਵਿਤਾ ਦੀ ਊਰਜਾ ਤੇ ਸ਼ਕਤੀ ਬਣਦੇ ਹਨ। ਇਸ ਕਵਿਤਾ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਕਵਿਤਾ ਸਾਡੇ ਇਤਿਹਾਸ ਅਤੇ ਸੱਭਿਆਚਾਰ ਦੇ ਉਨ੍ਹਾਂ ਪਹਿਲੂਆਂ ਤੇ ਆਪਣੀ ਉਂਗਲ ਧਰਦੀ ਹੈ ਜਿਸਦੇ ਤਹਿਤ ਧਰਮ ਅਤੇ ਰਾਜਨੀਤੀ ਮਨੁੱਖੀ ਗੌਰਵ ਅਤੇ ਪਛਾਣ ਨੂੰ ਨਜ਼ਰਅੰਦਾਜ਼ ਕਰਕੇ ਸਦੀਆਂ ਤੋਂ ਮਨਚਾਹੀ ਸ਼ਤਰੰਜ ਖੇਡਦੇ ਆਏ ਹਨ। ਇਹ ਕਵਿਤਾ ਇਸ ਸਮਾਜਿਕ ਅਤੇ ਰਾਜਨੀਤਕ ਜਕੜਬੰਦੀ ਅੱਗੇ ਵੰਗਾਰ ਖੜ੍ਹੀ ਕਰਦੀ ਹੋਈ ਸੱਤਾ ਦੇ ਗੁੰਬਦਾਂ ਵਿੱਚ ਡੂੰਘੀਆਂ ਤਰੇੜਾਂ ਪੈਦਾ ਕਰਦੀ ਹੈ। ਇਸ ਕਵਿਤਾ ਦਾ ਮਕਸਦ ਕੇਵਲ ਤੇ ਕੇਵਲ ਸੁਹਜ ਪ੍ਰਦਾਨ ਕਰਨਾ ਨਹੀਂ ਹੈ, ਸਗੋਂ ਸਾਡੇ ਆਲੇ ਦੁਆਲੇ ਸੁਲਗ ਰਹੇ ਉਨ੍ਹਾਂ ਗੰਭੀਰ ਮਸਲਿਆਂ ਨੂੰ ਆਪਣਾ ਕਾਵਿ ਵਸਤੂ ਬਣਾਉਣਾ ਹੈ, ਜਿਹੜੇ ਕਿ ਇਕ ਲੰਮੇ ਸਮੇਂ ਤੋਂ ਪੰਜਾਬੀ ਕਵਿਤਾ ਵਿਚ ਨਜ਼ਰ ਅੰਦਾਜ਼ ਕੀਤੇ ਜਾਂਦੇ ਰਹੇ ਹਨ। ਇਸ ਤਰ੍ਹਾਂ ਦੀ ਕਵਿਤਾ ਦਾ ਆਪਣਾ ਹੀ ਇਕ ਕਾਵਿ-ਸ਼ਾਸਤਰ ਹੁੰਦਾ ਹੈ। ਇਹ ਕਵਿਤਾ ਦੀਆਂ ਡੂੰਘੀਆਂ ਤੈਹਿਆਂ ਵਿਚੋਂ ਉਦੈ ਹੁੰਦਾ ਹੈ। ਨਵਤੇਜ ਬਹੁਪੱਖੀ ਪ੍ਰਤਿਭਾ ਵਾਲਾ ਕਵੀ ਹੈ। ਉਹ ਆਪਣੀ ਰਚਨਾਕਾਰੀ ਕਰਦਿਆਂ ਬੜੀ ਸ਼ਕਤੀਸ਼ਾਲੀ ਭਾਸ਼ਾ ਵਿਚੋਂ ਬੋਲਦਾ ਹੈ। ਉਸਦੀ ਭਾਸ਼ਾ ਅਤੇ ਚੇਤਨਾ ਮਿਲਕੇ ਇਕ ਅਜਿਹੀ ਕਵਿਤਾ ਨੂੰ ਜਨਮ ਦਿੰਦੇ ਹਨ ਜਿਹੜੀ ਕਿ ਸਾਡੇ ਸਮਾਜਿਕ ਸੱਭਿਆਚਾਰਕ ਢਾਂਚੇ ਨੂੰ ਮੁੜ ਤੋਂ ਪੁਨਰ ਪਰਿਭਾਸ਼ਤ ਕਰਨ ਵੱਲ ਰੁਚਿਤ ਹੁੰਦੀ ਹੈ। ਇਸੇ ਗੱਲ ਵਿਚ ਇਸ ਕਵਿਤਾ ਦਾ ਮਹੱਤਵ ਛੁਪਿਆ ਹੋਇਆ ਹੈ। ਉਹ ਸਾਡੀ ਸਮਾਜਿਕ ਸੰਰਚਨਾ ਵਿੱਚ ਪਏ ਉਨ੍ਹਾਂ ਤੱਤਾਂ ਦਾ ਪੁਨਰ ਵਿਸ਼ਲੇਸ਼ਣ ਵੀ ਕਰਦਾ ਹੈ ਜਿਹੜੇ ਕਿ ਸਦੀਆਂ ਤੋਂ ਜਾਤੀ ਅਤੇ ਉੱਚ ਨੀਚ ਦੇ ਨਾਂ ਤੇ ਮਨੁੱਖ ਤੋਂ ਉਸਦੀ

ਕੁਦਰਤੀ ਪਛਾਣ ਖੋਹ ਕੇ ਉਸ ਨਾਲ ਪਸ਼ੂਆਂ ਵਰਗਾ ਸਲੂਕ ਕਰਦੇ ਆਏ ਹਨ। ਇਹ ਕਵਿਤਾ ਸਮਾਜਿਕ ਅਤੇ ਰਾਜਨੀਤਕ ਬੁਰਛਾਗਰਦੀ ਦੇ ਖਿਲਾਫ਼ ਆਪਣੇ ਰੋਹ ਵਿਦਰੋਹ ਨੂੰ ਇਕ ਖਾਸ ਦਿਸ਼ਾ ਵਿਚ ਸੇਧਿਤ ਹੀ ਨਹੀਂ ਕਰਦੀ ਸਗੋਂ ਇਸਦੇ ਢੁਕਵੇਂ ਪਰਿਣਾਮ ਵੇਖਣ ਵੱਲ ਵੀ ਅਗਰਸਰ ਹੁੰਦੀ ਹੈ।

ਇਹ ਪੁਸਤਕ ਸਾਡੇ ਆਲੇ ਦੁਆਲੇ ਦੇ ਸਮਕਾਲੀ ਸਮਾਜਿਕ ਦ੍ਰਿਸ਼ਾਂ ਨੂੰ ਬਹੁਤ ਹੀ ਮਹੀਨਤਾ ਨਾਲ ਫੜ੍ਹਦੀ ਹੋਈ ਆਪਹੁਦਰੇ ਸਮਾਜਿਕ ਵਰਤਾਰਿਆਂ ਨੂੰ ਬੜੀ ਉੱਚੀ ਸੁਰ ਵਿਚ ਬਿਆਨ ਕਰਦੀ ਹੈ। ਕਵੀ ਯੁੱਗਾਂ ਯੁਗਾਤਰਾਂ ਤੋਂ ਕਿਸੇ ਨਾ ਕਿਸੇ ਰੂਪ ਵਿੱਚ ਸਥਾਪਤੀ ਦੇ ਹੱਕ ਵਿਚ ਭੁਗਤ ਰਹੇ ਲੋਕਾਂ ਦੇ ਜੀਵਨ-ਵਿਹਾਰ ਤੇ ਤਿੱਖਾ ਵਿਅੰਗ ਕਰਦਾ ਹੋਇਆ ਧਰਮ ਦੀ ਰਾਜਨੀਤੀ ਦੇ ਚੱਕਰਵਿਊ ਵਿਚ ਹੋਏ ਫਸੇ ਮਨੁੱਖ ਦੀ ਤਰਸਯੋਗ ਹਾਲਤ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ :

ਸੂਰਜ ਢਲਦਿਆਂ
ਅੱਧ ਪਚੱਧਾ ਹੱਥ-ਮੂੰਹ ਧੋ ਕੇ
ਖ਼ੁਸ਼ੀ ਖ਼ੁਸ਼ੀ ਉਛਲਦਿਆਂ ਮੁੜਦੇ
ਸੁਰਤੀ ਉੱਪਰ ਜੋੜਦੇ
ਬੇਧਿਆਨਿਆਂ ਨੂੰ ਧਿਆਨ ਹੀ ਨਾ ਰਹਿੰਦਾ
ਕਿ ਕੇਂਦਰਾਂ ਤੇ ਲਾਹੇਵੰਦ ਸ਼ਾਹੂਕਾਰਾ ਚਲਦਾ ਹੈ
ਉਨ੍ਹਾਂ ਦੀ ਕਮਾਈ ਤੇ ਕੌਣ-ਕੌਣ ਪਲਦਾ ਹੈ

ਨਵਤੇਜ ਦੀ ਸ਼ਾਇਰੀ ਵਿਚਲੀ ਵੰਗਾਰ ਉਸਦੀ ਕਵਿਤਾ ਨੂੰ ਇਕ ਖਾਸ ਤਰ੍ਹਾਂ ਦੀ ਤਾਸੀਰ ਪ੍ਰਦਾਨ ਕਰਦੀ ਹੈ। ਉਹ ਬੰਦੇ ਨੂੰ ਨਿਗਲਣ ਦੇ ਆਹਰ ਵਿਚ ਲੱਗੀਆਂ ਹੋਈਆਂ ਵਿਕਰਾਲ ਸਮਾਜਿਕ ਪ੍ਰਸਥਿਤੀਆਂ ਵਿੱਚੋਂ ਇਕ ਦਿਸ਼ਾ ਤਲਾਸ਼ ਕਰਦਾ ਹੈ। ਉਹ ਬੰਦੇ ਦੀ ਦਿਨ-ਬ-ਦਿਨ ਖੁਰ ਰਹੀ ਪਛਾਣ ਨੂੰ ਮੁਖਾਤਬ ਹੁੰਦਾ ਹੋਇਆ ਇਸ ਮੂੰਹ ਜੋ ਵਰਤਾਰੇ ਪਿੱਛੇ ਪਏ ਕਾਰਨਾਂ ਦੀ ਤਲਾਸ਼ ਕਰਨ ਦਾ ਯਤਨ ਵੀ ਕਰਦਾ ਹੈ :

ਉਂਜ ਮੈ ਜਾਣਦਾ ਹਾਂ
ਤੁਹਾਨੂੰ ਜੁਗਾਂ ਤੋਂ ਪਛਾਣਦਾ ਹਾਂ
ਤੁਸੀਂ ਆਪਣੇ ਵਿਚ ਮੈਨੂੰ ਖਪਾਉਣ ਲਈ
ਮੇਰਾ ਕੱਦ ਘਟਾਉਣ ਲਈ
ਆਪਣੀ ਬੌਣੀ ਬਹੁਮਤੀ ਸੱਥ ਵਿਚ
ਮਤਾ ਪਾਸ ਕਰਵਾ ਸਕਦੇ ਹੋ
ਮੈਨੂੰ ਉਪਰੋਂ ਹੇਠੋਂ ਲੋੜ ਅਨੁਸਾਰ
ਆਰੇ ਨਾਲ਼ ਚਿਰਵਾ ਸਕਦੇ ਹੋ

ਇਸ ਤਰ੍ਹਾਂ ਉਹ ਆਪਣੇ ਇਤਿਹਾਸ ਦੇ ਗੌਰਵਸ਼ਾਲੀ ਹਵਾਲਿਆਂ ਦੀ ਰੋਸ਼ਨੀ ਵਿਚ ਆਪਣੀ ਇਤਿਹਾਸਕ ਤੇ ਸਮਾਜਿਕ ਭੂਮਿਕਾ ਨੂੰ ਪੁਨਰ-ਪਰਿਭਾਸ਼ਤ ਕਰਦਾ ਹੋਇਆ ਬੜੀ ਸ਼ਕਤੀਸ਼ਾਲੀ ਕਾਵਿ-ਸਿਰਜਣਾ ਕਰਦਾ ਹੈ। ਉਸਦੇ ਕਾਵਿ-ਪ੍ਰਵਚਨ ਵਿਚ ਤਾਰਕਿਕ ਗਤੀਸ਼ੀਲਤਾ ਹੈ। ਉਹ ਆਪਣੇ ਆਲੇ ਦੁਆਲੇ ਘਟ ਰਹੇ ਮਾਨਵ ਵਿਰੋਧੀ ਵਰਤਾਰਿਆਂ ਨੂੰ ਪਹਿਚਾਣਦਾ ਹੈ ਜਿਹੜੇ ਕਿ ਕਿਸੇ ਨਾ ਕਿਸੇ ਰੂਪ ਵਿੱਚ ਲਗਾਤਾਰ ਸਾਡੇ ਖਿਲਾਫ਼ ਭੁਗਤ ਰਹੇ ਹਨ। ਉਸਦਾ ਕੱਲਾ ਕੱਲਾ ਅੱਖਰ ਊਰਜਾ ਨਾਲ ਭਰਿਆ ਹੋਇਆ ਹੈ। ਇਹ ਕਵਿਤਾ ਵਕਤ ਦੇ ਹਰ ਇਕ ਹਿੰਦਸੇ ਦੇ ਨਾਲ ਨਾਲ ਚਲਦੀ ਹੋਈ ਸਾਡੇ ਚੌਗਿਰਦੇ ਨਾਲ

ਬੜਾ ਮੁੱਲਵਾਨ ਸੰਵਾਦ ਰਚਾਉਂਦੀ ਹੈ। ਇਸ ਕਵਿਤਾ ਦੀ ਜੁਝਾਰੂ ਪ੍ਰਵਿਰਤੀ ਪੁਸਤਕ ਵਿਚ ਹਰ ਥਾਂ ਇੰਜ ਜ਼ਾਹਰ ਹੁੰਦੀ ਹੈ :

ਮੈਂ ਠੋਸ ਹਾਂ ਪੂਰੇ ਦਾ ਪੂਰਾ
ਇਨਸਾਨੀ ਦਿਲ ਰੱਖਦਾ ਹਾਂ
ਮੈਂ ਵਿਰਾਟ ਹੱਥ ਵੀ ਬਣ ਸਕਦਾ ਹਾਂ
ਚੰਡੀ ਵੀ ਫੜ ਸਕਦਾ ਹਾਂ
ਤਖ਼ਤ ਦੇ ਕੂੜ ਦੇ ਗੋਡੇ ਲੁਆਉਣ ਲਈ
ਲੋੜ ਵੇਲੇ ਸਬੂਤਾ ਸਿਰ ਲੈ ਕੇ
ਚੌਂਕ 'ਚ ਖੜ੍ਹ ਵੀ ਸਕਦਾ ਹਾਂ

ਨਵਤੇਜ ਦੀ ਕਵਿਤਾ 'ਬਾਂਗ ਦੇਣ ਦੀ ਸਜ਼ਾ' ਇਸ ਕਾਵਿ-ਪੁਸਤਕ ਦੇ ਕੇਂਦਰੀ ਥੀਮ ਤੇ ਕੇਂਦਰਿਤ ਹੈ। ਇਹ ਕਵਿਤਾ ਜਿੱਥੇ ਸਮਾਜਿਕ ਅਨਾਂਚਾਰ ਅਤੇ ਰਾਜਨੀਤਕ ਦਮਨਚੱਕਰ ਦੇ ਖਿਲਾਫ਼ ਲੋਕ-ਚੇਤਨਾ ਨੂੰ ਜਗਾਉਂਦੀ ਹੈ, ਉੱਥੇ ਨਾਲ ਹੀ ਆਪਣੀ ਵਿਸ਼ੇਗਤ ਪਹੁੰਚ ਦੀ ਸਿਖਰ ਵੀ ਬਣਦੀ ਹੈ। ਇਸ ਕਵਿਤਾ ਰਾਹੀਂ ਕਵੀ ਆਪਣਾ ਕਾਵਿ-ਪ੍ਰਯੋਜਨ ਸਪੱਸ਼ਟ ਕਰਦਾ ਹੋਇਆ ਹੱਕ ਸੱਚ ਦਾ ਨਾਅਰਾ ਬੁਲੰਦ ਕਰਦਾ ਹੈ। ਉਸਦੀ ਕਵਿਤਾ 'ਸੱਚ ਦੀ ਸਾਖੀ' ਬਣਨ ਲਈ ਯਤਨਸ਼ੀਲ ਹੈ, ਉਹ ਆਪਣੇ ਰਾਹ ਵਿਚ ਆਉਣ ਵਾਲੀਆਂ ਮੁਸੀਬਤਾਂ ਅਤੇ ਦੁਸ਼ਵਾਰੀਆਂ ਦੀ ਪਰਵਾਹ ਨਹੀਂ ਕਰਦਾ ਸਗੋਂ ਹਰ ਇਕ ਗਲੀ ਅਤੇ ਚੁਰਾਹੇ ਵਿਚ 'ਸੱਚ ਦੇ ਦੀਵੇ' ਬਾਲਕੇ ਸਾਡੇ ਆਲੇ ਦੁਆਲੇ ਨੂੰ ਰੋਸ਼ਨ ਕਰਨਾ ਚਾਹੁੰਦਾ ਹੈ। ਉਸਦੀ ਇਸ ਮੁਹਿੰਮ ਤੇ ਹਨੇਰੇ ਦਾ ਬਾਦਸ਼ਾਹ ਕਹਿਰਵਾਨ ਹੋ ਉੱਠਦਾ ਹੈ :

ਬਾਦਸ਼ਾਹ ਕੜਕਿਆ :
ਜਾਗਣ-ਜਗਾਉਣ ਵਾਲਿਆਂ
ਮੇਰਾ ਸੁੱਖ-ਚੈਨ ਚੁਰਾਇਆ ਹੈ
ਮਾਰ ਹੀ ਮੁਕਾਇਆ ਹੈ
ਮੇਰੀ ਕੁੰਦਨ ਦੇਹੀ ਨੂੰ ਘੁਣ ਲਾਇਆ ਹੈ
ਹੋਕਾਂ ਲਗਾਉਣ ਵਾਲਿਆਂ ਦਾ
ਜਾਗਣ ਜਗਾਉਣ ਵਾਲਿਆਂ ਦਾ
ਸੂਰਜ ਚੜ੍ਹਨ ਤੱਕ ਖੁਰਾ ਖੋਜ ਮਿਟਾ ਦਿਓ
ਸਭ ਦੀਆਂ ਕਲਗੀਆਂ ਸਿਰਾਂ ਸਹਿਤ ਉਡਾ ਦਿਓ

ਇਸ ਪੁਸਤਕ ਵਿਚਲੀ ਕਵਿਤਾ ਸਦੀਆਂ ਤੋਂ ਕੋਹਲੂ ਦੇ ਬਲਦ ਵਾਂਗ ਸਿਰ ਸੁੱਟ ਕੇ ਜੀਅ ਰਹੇ ਉਨ੍ਹਾਂ ਲੱਖਾਂ ਲੋਕਾਂ ਦੀ ਸਮਾਜਿਕ ਹਾਲਤ ਨੂੰ ਬਿਆਨ ਕਰਦੀ ਹੈ ਜਿਨ੍ਹਾਂ ਲਈ ਮਨੁੱਖੀ ਜੀਵਨ ਦੇ ਅਰਥ ਸਦਾ ਲਈ ਗੁੰਮ ਗਵਾਚ ਚੁੱਕੇ ਹਨ। ਇਹ ਕਵਿਤਾ ਉਨ੍ਹਾਂ ਦੀ ਸਮਾਜਿਕ ਪਛਾਣ ਦੇ ਮਸਲੇ ਨੂੰ ਉਠਾਉਂਦੀ ਹੋਈ, ਉਨ੍ਹਾਂ ਨੂੰ ਸਦਾ ਸਦਾ ਲਈ ਇਸ 'ਪਸ਼ੂ ਜੂਨ' ਤੋਂ ਮੁਕਤੀ ਦਿਵਾਉਣ ਲਈ ਤਤਪਰ ਹੁੰਦੀ ਹੈ। ਕਵੀ ਯੁੱਗਾਂ ਯੁਗਾਤਰਾਂ ਤੋਂ ਚਲਦੇ ਆ ਰਹੇ ਇਸ ਨਸਲਕੁਸ਼ੀ ਦੇ ਖਤਰਨਾਕ ਵਰਤਾਰੇ ਪ੍ਰਤੀ ਲੋਕ ਚੇਤਨਾ ਨੂੰ ਜਥੇਬੰਦ ਕਰਦਾ ਹੋਇਆ ਜਾਤ, ਵਰਣ ਅਤੇ ਰਾਜਨੀਤਕ ਦਮਨਚੱਕਰ ਵਿੱਚੋਂ ਮਾਨਵ ਮੁਕਤੀ ਦਾ ਪ੍ਰਵਚਨ ਸਿਰਜਦਾ ਹੈ :

ਇੱਜੜਾਂ ਦੇ ਮਾਲਕਾਂ ਭੇਡਾਂ ਦੀ ਪਿੱਠ 'ਤੇ

ਆਪਣਾ-ਆਪਣਾ ਲਾ ਦਿੱਤਾ ਹੈ
ਰੰਗਲਾ ਠੱਪਾ ਤਾਂ ਕਿ ਭੇਡਾਂ
ਇਕ ਦੂਜੇ ਦੇ ਇੱਜੜ ਵਿੱਚ ਰਲ
ਇੱਕਮਿਕ ਹੋ ਨਾ ਜਾਣ
ਆਪਣੇ ਦੁੱਖਾਂ ਵਾਲਾ ਉੱਚੀ ਸੁਰ ਵਿਚ
ਸਮੂਹ-ਗੌਣ ਨਾ ਗਾਣ
ਰੱਖਣ ਵੱਖੋ-ਵੱਖ ਪਛਾਣ ਸਦਾ
ਆਪਣੀ ਉੱਨ ਲਹਾਣ ਸਦਾ
ਸਾਈਂ-ਸਾਈਂ ਗਾਣ ਸਦਾ

ਇਸ ਤਰ੍ਹਾਂ ਨਵਤੇਜ਼ ਦੀ ਇਹ ਸ਼ਾਇਰੀ ਆਪਣੇ ਹੀ ਦੇਸ਼ ਵਿਚ ਬਨਵਾਸ ਭੋਗ ਰਹੇ ਉਨ੍ਹਾਂ ਲੱਖਾਂ ਕਰੋੜਾਂ ਲੋਕਾਂ ਦੀ ਦਰਦ ਕਥਾ ਹੈ ਜਿਹੜੇ ਕਿ ਅਜੇ ਤੱਕ ਰੋਜ਼ੀ ਰੋਟੀ ਅਤੇ ਸਮਾਜਿਕ ਪਛਾਣ ਦੀ ਜੰਗ ਲੜ ਰਹੇ ਹਨ। ਅੱਜ ਜਦਕਿ ਸਮੁੱਚਾ ਵਿਸ਼ਵ ਇਕ ਨਵੀਂ ਕਰਵਟ ਲੈ ਰਿਹਾ ਹੈ, ਅਜੇਕੇ ਸੰਦਰਭ ਵਿੱਚ ਇਹ ਕਵਿਤਾ ਹੋਰ ਵੀ ਗੌਲਣਯੋਗ ਬਣ ਜਾਂਦੀ ਹੈ। ਇਹ ਸ਼ਾਇਰੀ ਡਰਾਇੰਗ ਰੂਮ ਵਿਚ ਬੈਠਕੇ ਲਿਖਿਆ ਹੋਇਆ ਸੁਹਜ ਸਾਸ਼ਤਰ ਨਹੀਂ ਸਗੋਂ ਇਕ ਜਾਂਬਾਜ਼ ਕਾਫਲੇ ਦਾ ਗੀਤ ਹੈ। ਇਹ ਕਵਿਤਾ ਪਾਠਕ ਦੇ ਸੀਨੇ ਵਿਚ ਇਕ ਅਜਬ ਧੂਹ ਪਾਉਂਦੀ ਹੈ, ਸਦੀਆਂ ਤੋਂ ਹਾਈਬਰਨੇਸ਼ਨ ਵਿਚ ਜ਼ਮੀਨਦੋਜ਼ ਹੋ ਚੁੱਕੇ ਲੋਕਾਂ ਨੂੰ ਜਗਾਉਂਦੀ ਹੈ। ਇਸ ਕਵਿਤਾ ਵਿਚਲੀ ਅਗਨ ਸਮਾਜਿਕ ਕ੍ਰਾਂਤੀ ਦਾ ਹੋਕਾ ਦਿੰਦੀ ਹੈ। ਇਸ ਤਰ੍ਹਾਂ 'ਧੁੱਧ ਦੀ ਤਲਾਸ਼' ਵਿਚ ਨਿਕਲੇ ਹੋਏ ਲੋਕ 'ਸੂਰਜ ਦਾ ਹਲਫੀਆ ਬਿਆਨ' ਬਣਦੇ ਹੋਏ ਇਕ ਦਿਨ ਅਜਿਹਾ ਕਾਫ਼ਲਾ ਬਣਾ ਲੈਣਗੇ ਜਿੱਥੋਂ ਕਿ ਅਗਲਾ ਸਫ਼ਰ ਉਨ੍ਹਾਂ ਦੀ ਆਪਣੀ ਕਵਿਤਾ ਦਾ ਹੋਵੇਗਾ। ਇਸ ਤਰ੍ਹਾਂ ਦੀ ਬਹੁਤੀ ਕਵਿਤਾ ਨੂੰ ਭਾਵੇਂ ਕਿ ਸਾਡੇ ਬਹੁਤ ਸਾਰੇ ਅਕਾਦਮਿਕ ਆਲੋਚਕਾਂ ਦੀ ਸਰਪ੍ਰਸਤੀ ਪ੍ਰਾਪਤ ਨਹੀਂ ਹੈ ਫਿਰ ਵੀ ਇਹ ਕਵਿਤਾ ਆਪਣੇ ਨਿੱਘਰ ਸਮਾਜਿਕ ਸਰੋਕਾਰਾਂ ਅਤੇ ਲੋਕ ਮਸਲਿਆਂ ਕਰਕੇ ਸਮਕਾਲੀ ਕਾਵਿ-ਦ੍ਰਿਸ਼ ਵਿਚ ਆਪਣੀ ਡੂੰਘੀ ਪਛਾਣ ਬਣਾਉਂਦੀ ਹੈ। ਇਕ ਦੌਰ ਅਜਿਹਾ ਵੀ ਆਵੇਗਾ ਜਦੋਂ ਵਕਤ ਦੇ ਮੱਥੇ ਤੇ ਲਿਖੇ ਹੋਏ ਇਹ ਕਾਵਿ ਸ਼ਿਲਾਲੇਖ ਆਪਣੀ ਕਥਾ ਖੁਦ ਕਹਿਣਗੇ। ਸੰਘਰਸ਼ ਦੀ ਵਿਰਾਸਤ ਨੂੰ ਹੋਰ ਵੀ ਗੂੜ੍ਹਾ ਕਰਨ ਵਾਲੀ ਇਹ ਕਵਿਤਾ ਸਾਡੇ ਪੁਰਖਿਆਂ ਦੇ ਲਹੂ ਦੀ ਭਾਸ਼ਾ ਵਿਚ ਬੋਲਦੀ ਹੈ। ਇਸ ਤਰ੍ਹਾਂ ਕੰਮੀ ਕਿਰਤੀਆਂ ਦੇ ਇਤਿਹਾਸਕ ਗੌਰਵ ਅਤੇ ਜੁਝਾਰੂ ਵਰਤਮਾਨ ਨੂੰ ਤਿੱਖੀ ਕਾਵਿ ਚੇਤਨਾ ਵਿਚ ਪ੍ਰਗਟ ਕਰਨ ਵਾਲੀ ਇਹ ਕਾਵਿ ਪੁਸਤਕ ਪੰਜਾਬੀ ਕਵਿਤਾ ਦੇ ਖੇਤਰ ਵਿਚ ਇਕ ਨਵਾਂ ਮੀਲ ਪੱਥਰ ਧਰਦੀ ਹੈ। ਮੈਂ ਮਨੁੱਖੀ ਸੰਘਰਸ਼ ਦੀ ਵਿਰਾਸਤ ਅਤੇ ਆਸਥਾ ਵਿਚ ਇਕ ਨਵਾਂ ਅਧਿਆਇ ਜੋੜਨ ਵਾਲੀ ਇਸ ਖੂਬਸੂਰਤ ਪੁਸਤਕ ਤੇ ਲਹੂ ਵਿਚ ਨਵਾਂ ਸੰਗੀਤ ਛੇੜਨ ਵਾਲੀ ਕਵਿਤਾ ਦਾ ਸਵਾਗਤ ਕਰਦਾ ਹਾਂ।

- ਡਾ. ਮੋਹਨ ਤਿਆਗੀ
ਪੰਜਾਬੀ ਸਾਹਿਤ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
98144-79150

ਤਤਕਰਾ

ਛੱਲਾਂ

ਉਂਝ ਨਿੱਕੀਆਂ-ਨਿੱਕੀਆਂ ਹੁੰਦੀਆਂ ਨੇ ਗੱਲਾਂ
ਗੱਲਾਂ ਵਿੱਚ ਛੁਪੀਆਂ ਹੁੰਦੀਆਂ ਨੇ
ਵੱਡੀਆਂ-ਵੱਡੀਆਂ ਕਵਿਤਾਵਾਂ
ਕਵਿਤਾਵਾਂ ਵਿੱਚ ਹੁੰਦੇ ਨੇ ਸਾਗਰ
ਸਾਗਰਾਂ ਵਿੱਚ ਛੁਪੀਆਂ ਹੁੰਦੀਆਂ ਨੇ
ਡੂੰਘੀਆਂ-ਡੂੰਘੀਆਂ ਗੱਲਾਂ
ਐਵਈਂ ਤਾਂ ਨਈਂ ਉੱਠਦੀਆਂ ਛੱਲਾਂ !

***

ਚੁੱਲ੍ਹਾ ਤਾਰਾ ਤੇ ਬੁੱਢੀ ਮਾਂ

ਚੁੱਲ੍ਹੇ 'ਚ ਅੱਗ ਬਾਲ਼
ਬੁੱਢੀ ਮਾਂ ਰੋਟੀ ਪਕਾਉਣ ਲੱਗੀ
ਸੱਸ ਤੋਂ ਸਿੱਖਿਆ
ਮਿੱਠਾ ਗੀਤ ਗਾਉਣ ਲੱਗੀ
ਚੁਟਕੀਆਂ ਵਜਾਉਂਦਾ ਸਾਰਾ ਟੱਬਰ
ਚੁੱਲ੍ਹੇ ਮੁੱਢ ਬਹਿ ਗਿਆ
ਬ੍ਰਹਿਮੰਡ ਵੇਖਦਾ ਹੀ ਰਹਿ ਗਿਆ

ਚੁੱਲ੍ਹੇ ਨੂੰ ਚੜ੍ਹ ਗਿਆ ਅਗੰਮੀ ਚਾਅ
ਆਇਆ ਓਸ ਨੂੰ
ਵਜਦ ਵਿੱਚ ਸੁਪਨਾ ਜਿਹਾ
ਖੀਵਾ ਹੋਏ ਓਸ ਨੇ
ਇੱਕ ਮਿੱਠੀ ਜਿਹੀ ਬੁਭਕੀ ਮਾਰੀ
ਕੋਈ ਹੇਰਾ ਫੇਰੀ ਨਾ ਸੀ ਉਭਾਰੀ

ਇੱਕ ਬਲ਼ਦੇ ਤਾਰੇ ਦਾ
ਪਾਰਾ ਚੜ੍ਹ ਗਿਆ
ਉਸ ਆਪਣੀ ਹਰ ਅੱਖ ਮਘਾ ਲਈ
ਨੇੜੇ ਹੋ ਓਸ ਨੇ ਲਲਕਾਰਿਆ–
ਉਏ! ਚੁੱਲ੍ਹਿਆ ਵਿਚਾਰਿਆ
ਤਵੇ ਉੱਤੇ ਮੇਰੀ ਗੱਲ ਲਿਖ ਲੈ
ਮੈਂ ਆਪਣੀ ਅੱਗ ਨਾਲ਼
ਤੇਰੀ ਧਰਤੀ ਤਾਂ ਕੀ
ਸੈਆਂ ਧਰਤੀਆ ਤਪਾ ਸਕਾਂ
ਚੁੱਲ੍ਹਿਆ! ਤੇਰੀ ਬਾਤ ਹੀ ਕੀ ਹੈ
ਉਏ ! ਤੇਰੀ ਔਕਾਤ ਹੀ ਕੀ ਹੈ

ਚੁੱਲ੍ਹਾ ਨਿਮਾਣਾ ਢਹਿ ਪਿਆ
ਹੱਕਾ-ਬੱਕਾ ਰਹਿ ਗਿਆ
ਤਾਰੇ ਦੀ ਬੋਲੀ ਦਾ ਤੀਰ
ਬੁੱਢੀ ਮਾਂ ਦੇ ਕਾਲ਼ਜੇ ਵਿੱਚ ਖੁੱਭਿਆ
ਓਸ ਚੁੱਲ੍ਹੇ ਸਿਰ ਹੱਥ ਰੱਖਿਆ
ਉੱਪਰ ਵਲ੍ਹ ਤੱਕਿਆ
ਮੋਹ ਨਾਲ਼ ਆਖਿਆ-ਤਾਰੇ ਪੁੱਤ!
ਛੋਟਿਆਂ ਨਾਲ਼ ਵੱਡੇ ਇੰਝ ਨਹੀਂ ਕਰਦੇ
ਤੇਰੀ ਅੱਗ ਬੇਹਿਸਾਬ
ਚੁੱਲ੍ਹੇ ਦਾ ਵੀ ਨਹੀਂ ਜਵਾਬ
ਮੈਨੂੰ ਤਾਂ ਇਸ ਨਾਲ਼ ਹੀ ਭਾ ਏ
ਇਹ ਮੇਰੇ ਲਈ ਤਪਦਾ ਏ
ਮੇਰੀ ਲਈ ਬਲ਼ਦਾ ਏ
ਮੇਰਾ ਹਰ ਸੁਪਨਾ
ਏਸੇ ਦੀ ਅੱਗ 'ਤੇ ਪਲ਼ਦਾ ਏ

***

ਡਰ

ਇਕੱਲੇ ਬੱਚੇ ਨੂੰ
ਘਰ ਛੱਡ ਕੇ ਤੁਰਨ ਲੱਗਿਆਂ
ਬੜਾ ਡਰ ਲੱਗਦਾ ਸੀ
ਇੱਕ ਵਾਰੀ ਤਾਂ ਕੰਬ ਹੀ ਜਾਂਦਾ ਸਾਂ
ਉਹ ਕੈਸਾ ਕਾਲ਼ਾ ਸਮਾਂ ਸੀ
ਉਸ ਦੀ ਮੁੱਠੀ 'ਚ ਡਰ ਹੀ ਡਰ ਸੀ
ਭਾਵੇਂ ਆਪਣਾ ਹੀ ਘਰ ਸੀ

ਹੁਣ ਬੱਚਾ, ਬੱਚਾ ਨਹੀਂ ਰਿਹਾ
ਬਲ਼ਦਾ ਹੋਇਆ ਦੀਪ ਹੈ
ਘਰ ਦੇ ਮੁਕੱਦਰ ਦੀ ਦਹਿਲੀਜ਼ ਤੇ
ਉਸ ਨੂੰ ਵੀ ਇਕੱਲਿਆਂ
ਘਰ ਛੱਡ ਕੇ ਤੁਰਨ ਲੱਗਿਆਂ
ਸਿਰ ਚਕਰਾ ਜਾਂਦਾ ਹੈ
ਬੜਾ ਕੁੱਝ ਟੀ.ਵੀ. 'ਤੇ ਵੇਖਿਆ
ਅਖ਼ਬਾਰ 'ਚ ਛਪਿਆ
ਗੁਆਂਢ 'ਚ ਵਾਪਰਿਆ
ਅੱਖਾਂ ਅੱਗੇ ਆ ਜਾਂਦਾ ਹੈ
ਹਨ੍ਹੇਰਾ ਹੀ ਛਾ ਜਾਂਦਾ ਹੈ
ਘਰੋਂ ਪੈਰ ਪੁੱਟਿਆ
ਆਪਣੀ ਥਾਂ ਆ ਜਾਂਦਾ ਹੈ
ਕਿਸੇ ਨਰਸਿੰਘ ਦੇ ਪੰਜੇ 'ਚ
ਫਸਿਆ-ਫਸਿਆ ਘਰ ਲੱਗਦਾ ਹੈ
ਬੱਚਾ, ਬੱਚਾ ਨਹੀਂ ਰਿਹਾ
ਫਿਰ ਵੀ ਬੜਾ ਡਰ ਲੱਗਦਾ ਹੈ

***

ਫਿਊਜ ਹੋਏ ਬਲਬਾਂ ਨਾਲ਼

ਟਪਲ਼ੇ ਵਿੱਚ ਮੇਰੀ ਗਲ਼ੀ ਦੇ ਸਿਆਣੇ ਬਣ ਬੈਠੇ ਲੋਕ
ਮਜਬੂਰੀ ਦੀ ਜੂਹ 'ਚ ਰੁੱਖਾ- ਸੁੱਕਾ ਚੁਗਦੇ
ਨੰਗੇ ਪਿੰਡੇ ਵਰ੍ਹਦੇ ਛਾਂਟੇ ਅਣਡਿੱਠ ਕਰਨ ਵਾਲ਼ੇ
ਅਗਲੇ ਜੱਗ
ਭਵ ਸਾਗਰ ਤੋਂ ਪਾਰਲੇ
ਸੁੱਖ ਸਾਗਰ ਵਿੱਚ ਚਲਾਉਣ ਲਈ
ਆਪਣੀ-ਆਪਣੀ ਬੇੜੀ ਬੁੱਕ ਕਰਾਉਣ ਲਈ
ਕਤਾਰਾਂ ਬੰਨ੍ਹੀਂ ਹੱਥ ਜੋੜ
ਸ਼ਰਧਾ ਕੇਂਦਰਾਂ ਵੱਲ੍ਹ ਦੌੜ ਪੈਂਦੇ ਨੇ
ਨੀਂਦ ਦੀ ਬੇਸੁਰਤੀ ਨੂੰ ਸੁਰਤੀ ਕਹਿੰਦੇ ਨੇ

ਅਗਲੇ ਜਨਮ
ਜ਼ਿੰਦਗੀ ਦਾ ਲਿਸ਼ਕਦਾ ਸਰਟੀਫਿਕੇਟ ਲੈਣ ਲਈ
ਸਿਰ ਝੁਕਾ ਲੱਕ ਦੋਹਰਾ ਕਰਦਿਆਂ
ਦਸਾਂ ਨਹੁੰਆਂ ਦੀ ਕਿਰਤ ਕਮਾਈ
ਬੋਝੇ 'ਚੋਂ ਢੇਰੀ ਕਰ ਦਿੰਦੇ ਨੇ
ਆਪਣੇ-ਆਪਣੇ ਕੇਂਦਰ ਦੀ ਗੋਲ੍ਹਕ
ਨੱਕੋ-ਨੱਕ ਭਰ ਦਿੰਦੇ ਨੇ
ਸ਼ਰਧਾ ਦੀ ਪੰਜਾਲ਼ੀ 'ਚ ਫਸੇ
ਸਭ ਕੁੱਝ ਮਾਲਕ ਦਾ ਕਹਿੰਦਿਆਂ
ਮਾਲਕ ਨੂੰ ਮੋੜਦੇ ਨੇ
ਫਿਰ ਚਲਦੀ ਸੇਵਾ 'ਚ
ਸਾਰੀ ਦਿਹਾੜੀ ਜਿਸਮ ਤੋੜਦੇ ਨੇ

ਸੂਰਜ ਢਲ਼ਦਿਆਂ
ਅੱਧ-ਪਚੱਧਾ ਹੱਥ-ਮੂੰਹ ਧੋ ਕੇ
ਖ਼ੁਸ਼ੀ-ਖ਼ੁਸ਼ੀ ਉੱਛਦਿਆਂ ਮੁੜਦੇ
ਸੁਰਤੀ ਉੱਪਰ ਜੋੜਦੇ
ਬੇਧਿਆਨਿਆਂ ਨੂੰ ਧਿਆਨ ਹੀ ਨਾ ਰਹਿੰਦਾ
ਕਿ ਕੇਂਦਰਾਂ 'ਤੇ ਲਾਹੇਵੰਦ ਸ਼ਾਹੂਕਾਰਾ ਚਲਦਾ ਹੈ
ਉਨ੍ਹਾਂ ਦੀ ਕਮਾਈ 'ਤੇ ਕੌਣ-ਕੌਣ ਪਲ਼ਦਾ ਹੈ

ਉਹ ਜਦੋਂ ਘਰੀਂ ਪਰਤਦੇ ਨੇ
ਸੂਰਜ ਬਿਲਕੁਲ ਹੀ ਡੁੱਬ ਜਾਂਦਾ ਹੈ
ਮੇਰੀ ਗਲ਼ੀ ਦੇ ਨੰਗ ਧੜੰਗੇ ਬੱਚੇ
ਖਿਡੌਣੇ ਸਮਝ ਢੇਰਾਂ ਤੋਂ ਚੁੱਕ ਲਿਆਂਦੇ
ਫਿਊਜ ਹੋਏ ਬਲਬਾਂ ਨਾਲ਼ ਖੇਡ ਰਹੇ ਹੁੰਦੇ ਨੇ
ਕੁੱਝ ਰੁੱਸਦੇ ਕੁੱਝ ਫਿੱਸ-ਫਿੱਸ ਪੈਂਦੇ ਨੇ
ਮਾਪਿਆਂ ਨੂੰ ਬਲਬ ਫੜਾ ਕੇ
ਲੋਅ ਕਰਨ ਲਈ ਕਹਿੰਦੇ ਨੇ

***

ਨਾਨੀ ਇੰਝ ਕਿਉਂ ਹੋਇਆ

ਨਾਨੀ ਜਦ ਵੀ ਆਉਂਦੀ
ਮੇਰੇ ਦਿਲ ਦੀ ਬੁੱਝ ਲੈਂਦੀ
ਦੇਰ ਨਾ ਲਾਉਂਦੀ
ਰੋਟੀ ਖਾ ਕੇ ਸੌਣ ਲੱਗਿਆਂ
ਉਹੀ ਬਾਤ ਸੁਣਾਉਂਦੀ
ਕਿ ਬੀਰੂ ਨੂੰ ਜੋਸ਼ ਚੜ੍ਹਿਆ
ਆਪਣੇ ਪੋਤੇ ਨੂੰ ਪਿੱਛੇ ਬਹਾਇਆ
ਘੋੜਾ ਸਰਪਟ ਦੁੜਾਇਆ
ਘੋੜ-ਦੌੜ ਲਾਉਣ ਲਈ
ਵੱਡਿਆਂ-ਵੱਡਿਆਂ ਨੂੰ ਹਰਾਉਣ ਲਈ
ਆਕੜੀਆਂ ਸਿਰੀਆਂ ਝੁਕਾਉਣ ਲਈ
ਆਪਣਾ ਝੰਡਾ ਲਹਿਰਾਉਣ ਲਈ
ਪੋਤੇ ਨੂੰ ਰਾਹ ਦਿਖਾਉਣ ਲਈ

ਉਹ ਲਗਾਮ ਨੂੰ ਤੁਣਕੇ ਮਾਰੇ
ਬੁੱਢੇ ਬਾਰੇ ਵੀ ਪਿਆ ਲਲਕਾਰੇ
ਪੋਤਾ ਵੀ ਕਰੇ ਇਸ਼ਾਰੇ
ਫਾਕੇ ਕੱਟ-ਕੱਟ ਪਲ਼ਿਆ ਘੋੜਾ ਢਿਲ਼ਕੀ ਜਾਵੇ
ਕੀ ਹੋਵੇ ਕੁੱਝ ਸਮਝ ਨਾ ਆਵੇ
ਬੀਰੂ ਪੂਰੀ ਵਾਹ ਲਾਵੇ
ਪੋਤੇ ਨੂੰ ਚੈਨ ਨਾ ਆਵੇ

ਪਿੜ ਕੋਲ਼ ਪਹੁੰਚ ਪੋਤੇ ਨੂੰ ਉਤਾਰਿਆ
ਆਪ ਬੀਰੂ ਉੱਤਰਿਆ
ਘੋੜੇ ਨੂੰ ਥਾਪੀ ਦਿੱਤੀ
ਦੇਖਿਆ ਤਾਂ ਕਾਲ਼ਜਾ ਹੀ ਨਿੱਕਲ਼ਿਆ
ਕਿ ਘੋੜੇ ਦੇ ਪੌੜ ਹੀ ਨਹੀਂ ਸਨ
ਚਮਕੀਲੇ ਗੁੱਥੇ ਅਰਬੀ ਘੋੜਿਆਂ ਵਾਲ਼ਿਆਂ
ਬੋਲਾਂ ਦੇ ਤੀਰ ਛੱਡੇ-
ਵੱਡਾ ਆਇਆ ਘੋੜਾ ਦੁੜਾਉਣ ਲਈ
ਕਿਣਕਾ ਪਹਾੜਾਂ ਨਾਲ਼ ਮੱਥਾ ਲਾਉਣ ਲਈ

ਘਰੋਂ ਤੁਰਨ ਵੇਲੇ
ਘੋੜੇ ਦੇ ਪੌੜ ਸਹੀ ਸਲਾਮਤ ਸਨ
ਬੀਰੂ ਚਕਰਾ ਗਿਆ
ਪੌੜਾਂ ਨੂੰ ਕਿਸ ਨੇ ਖਾ ਲਿਆ
ਕੀ ਰਾਹ ਨੇ ਧੋਖਾ ਕਮਾ ਲਿਆ
ਉਸ ਨੇ ਪਿੰਡ ਦੇ ਸਾਂਝੇ ਸੁੱਕ ਰਹੇ
ਡੂੰਘੇ ਖੂਹ ਦੀ ਲੱਜ ਜਿੱਡਾ ਹਉਕਾ ਮਾਰਿਆ
ਉਸ ਦੇ ਨੱਕ 'ਚੋਂ ਧੂੰਆਂ ਨਿੱਕਲ਼ਿਆ
ਉਹ ਸਾਰੇ ਦਾ ਸਾਰਾ ਧੁਖਣ ਲੱਗ ਪਿਆ
ਰਾਖ ਬਣ ਕੇ ਉਡ ਗਿਆ
ਘੋੜਾ ਝੁਲ਼ਸ ਕੇ ਡਿਗ੍ਹ ਪਿਆ
ਉੱਚੇ ਉਹਲਿਓਂ ਆਉਂਦੀਆਂ ਕਿਰਨਾਂ ਨਾਲ਼
ਪੋਤੇ ਦੇ ਦੰਦ ਭੁਰ ਗਏ
ਗਠੀਏ ਦੇ ਰੋਗੀ ਵਾਂਗ
ਉਸ ਦੇ ਪੈਰਾਂ ਦੀ ਗੰਢ-ਗੰਢ ਨੂੰ ਸੋਜ ਪੈ ਗਈ
ਉਸ ਦੇ ਹਰ ਹੱਥ ਦੀ
ਦੁਖਦੀ ਖ਼ਾਲੀ ਮੁੱਠ ਬਣ ਕੇ ਰਹਿ ਗਈ
ਪੱਸਲ਼ੀਆਂ ਦੀ ਕੜੱਕ-ਕੜੱਕ ਹੋਈ
ਉਸ ਨੂੰ ਕੁੱਬ ਪੈ ਗਿਆ
ਝੰਡਾ ਲਹਿਰਾਉਣ ਦਾ ਸੁਪਨਾ
ਸੁਪਨਾ ਹੀ ਰਹਿ ਗਿਆ

ਕਹਾਣੀ ਸੁਣਾਉਂਦੀ ਨਾਨੀ ਹਰ ਵਾਰ
ਏਥੇ ਕੁ ਆ ਕੇ ਸੁਸਤ ਹੋ ਜਾਂਦੀ
ਉਸ ਦੀ ਆਵਾਜ਼ ਲੜਖੜਾਂਦੀ
ਉਹ ਸਿਰ ਉਤਲੇ ਟੱਲੇ ਨਾਲ਼
ਅੱਖਾਂ ਪੂੰਝਦੀ ਮੈਥੋਂ ਲੁਕਾਂਦੀ
ਮੈਨੂੰ ਕੁੱਝ ਸਮਝ ਨਾ ਆਂਦੀ
ਮੈਂ ਹਰ ਵਾਰ
ਬਾਬੇ ਘੋੜੇ ਤੇ ਪੋਤੇ ਨੂੰ
ਯਾਦ ਕਰ-ਕਰ ਕੇ ਬੜਾ ਰੋਇਆ
ਨਾਨੀ! ਇੰਜ ਕਿਉਂ ਹੋਇਆ
ਨਾਨੀ ! ਇੰਜ ਕਿਉਂ ਹੋਇਆ

***

ਪੰਜ ਸ਼ਬਦਾਂ ਤੋਂ ਬਾਅਦ

ਪੋਤਾ ਸਰਲ ਰੇਖਾ ਨੂੰ
ਪੰਜ ਬਰਾਬਰ ਭਾਗਾਂ 'ਚ ਵੰਡ ਕੇ
ਖੁੱਲ੍ਹੀ ਕਾਪੀ ਪਰੇ ਸੁੱਟ
ਪਰਕਾਰ 'ਚ ਅੜੀ ਪੈਂਸਲ
ਅੱਧਾ ਚੰਦ ਫੁੱਟਾ ਤਿਕੋਣਾਂ
ਆਸੇ-ਪਾਸੇ ਖਿੱਲਰਿਆ ਛੱਡ
ਕੰਪਿਊਟਰ ਗੇਮ ਵਿੱਚ ਗੁਆਚ ਜਾਂਦਾ ਹੈ

ਦਾਦੀ ਐਨਕ ਵਿੱਚੀਂ ਨੀਝ ਲਾ ਵੇਖਦੀ
ਡਰਦੀ-ਡਰਦੀ ਪੋਤੇ ਨੂੰ
ਹਲਕੀ ਜਿਹੀ ਝਿੜਕੀ ਮਾਰਦੀ-
ਚੰਦਾ ! ਕਾਪੀ ਸਾਂਭ ਬਸਤੇ 'ਚ ਪਾ
ਖਿਲਾਰਾ ਸਗੇਲ
ਡੱਬੇ ਵਿੱਚ ਬੰਦ ਕਰ ਨਿੱਕ-ਸੁੱਕ
ਖਿੱਲਰਿਆ ਸਮਾਨ ਟੁੱਟ ਜਾਂਦਾ ਹੈ
ਅੱਗੇ-ਪਿੱਛੇ ਹੋ ਜਾਂਦਾ ਹੈ
ਹੱਥ ਨਹੀਂ ਆਉਂਦਾ ਲੋੜ ਪੈਣ 'ਤੇ
ਆਪਣੇ ਟੱਬਰ ਦੇ ਜੀਆਂ ਵਾਂਗ

ਆਪਣੇ ਮੂੰਹੋਂ ਸਹਿਜਸੁਭਾ ਨਿੱਕਲੇ
ਆਖਰੀ ਪੰਜ ਸ਼ਬਦਾਂ ਤੋਂ ਬਾਅਦ
ਦਾਦੀ ਆਪਣੇ ਭਾਰੇ ਟੱਬਰ ਦੀ
ਅੰਗੀਠੀ 'ਤੇ ਪਈ ਫੋਟੋ
ਗਹੁ ਨਾਲ਼ ਵੇਖਦੀ-ਵੇਖਦੀ
ਆਰਾਮ ਕੁਰਸੀ 'ਤੇ
ਕਿੰਨ੍ਹਾ ਹੀ ਚਿਰ ਬੇਆਰਾਮ ਬੈਠੀ ਰਹੀ

***

ਆਪਣੀ ਖੇਡ

ਤੁਸੀਂ ਖੂਹ ਪੁੱਟਦਿਆਂ
ਪਤਾਲ਼ ’ਚੋਂ ਨਹੀਂ ਨਿੱਕਲੇ
ਨਾ ਹੀ ਆਏ ਹੋ ਕਿਸੇ ਹੋਰ ਧਰਤ ਤੋਂ
ਤੁਸੀਂ ਚੰਗੇ ਭਲੇ ਕੱਦ-ਕਾਠ ਵਾਲ਼ੇ
ਆਪ ਹੀ ਗਿੱਠ-ਮੁਠੀਏ ਹੋ ਗਏ ਹੋ
ਸੱਚ ਦੇ ਰਾਹ ਵਿੱਚ
ਸ਼ਸਤਰ ਪਕੜ ਖੜੋ ਗਏ ਹੋ

ਤੁਸੀਂ ਚਾਹੁੰਦੇ ਹੋ
ਮੈਂ ਵੀ ਤੁਹਾਡੇ ਜਿੱਡਾ ਹੋ ਜਾਵਾਂ
ਤੁਹਾਡੇ ਨਾਲ਼ ਖੜੋ ਜਾਵਾਂ
ਇਹ ਮੈਥੋਂ ਕੀਤਾ ਨਹੀਂ ਜਾਣਾ
ਇਹ ਜ਼ਹਿਰ ਪੀਤਾ ਨਹੀਂ ਜਾਣਾ

ਉਂਝ ਮੈਂ ਜਾਣਦਾ ਹਾਂ
ਤੂਹਾਨੂੰ ਜੁਗਾਂ ਤੋਂ ਪਛਾਣਦਾ ਹਾਂ
ਤੁਸੀਂ ਆਪਣੇ ਵਿੱਚ ਮੈਨੂੰ ਖਪਾਉਣ ਲਈ
ਮੇਰਾ ਕੱਦ ਘਟਾਉਣ ਲਈ
ਆਪਣੀ ਬੌਣੀ ਬਹੁਮਤੀ ਸੱਥ ਵਿੱਚ
ਮਤਾ ਪਾਸ ਕਰਵਾ ਸਕਦੇ ਹੋ
ਮੈਨੂੰ ਉੱਪਰੋਂ ਹੇਠੋਂ ਲੋੜ ਅਨੁਸਾਰ
ਆਰੇ ਨਾਲ਼ ਚਿਰਵਾ ਸਕਦੇ ਹੋ

ਅਸੀਂ ਆਪੋ-ਆਪਣੀ ਥਾਂ ਖੜੇ ਹਾਂ
ਆਪੋ-ਆਪਣੀ ਅੜੀ ’ਤੇ ਅੜੇ ਹਾਂ
ਤੁਸੀਂ ਝੂਠ ਦਾ ਜਾਲ਼ ਪਾਉਣੋ ਰੁਕਣਾ ਨਹੀਂ
ਮੈਂ ਸੱਚ ਦਾ ਗੀਤ ਗਾਉਣੋ ਰੁਕਣਾ ਨਹੀਂ
ਤੁਹਾਨੂੰ ਆਪਣੀ ਚਾਲ
ਚੱਲਣ ਦੀ ਖੁੱਲ੍ਹ ਪੂਰੀ ਹੈ
ਮੈਨੂੰ ਆਪਣੀ ਖੇਡ
ਜਾਰੀ ਰੱਖਣੀ ਅਤੀ ਜ਼ਰੂਰੀ ਹੈ

***

ਮੈਂ ਮੋਮ ਨਹੀਂ ਹਾਂ

ਮੈਂ ਮੋਮ ਨਹੀਂ ਹਾਂ
ਕਿ ਤੁਸੀਂ ਪਿਘਲ਼ਾ ਕੇ
ਜਿਸ ਭਾਂਡੇ ਵਿੱਚ ਚਾਹੋ ਪਾ ਲਵੋ
ਘੁੱਟ ਕੇ ਢੱਕਣ ਲਗਾ ਲਵੋ
ਮੈਂ ਤਾਂ ਜ਼ਿੰਦਗੀ ਦੀ ਅੱਗ ਵਿੱਚ ਬਲ਼ਿਆ
ਸੱਚ ਦੇ ਸੱਚੇ 'ਚ ਢਲ਼ਿਆ
ਠੋਸ ਹਾਂ ਪੂਰੇ ਦਾ ਪੂਰਾ
ਜਿਸ ਨੇ ਵਕਤ ਵਿਚਾਰ ਕੇ
ਢਲ਼ ਜਾਣਾ ਸਿੱਖਿਆ ਨਹੀਂ
ਜ਼ੁਲਮ ਦੀ ਲਾਟ ਤੋਂ ਬਚਣ ਲਈ
ਫੁਕਰੀ ਭੀੜ 'ਚ
ਰਲ਼ ਜਾਣਾ ਸਿੱਖਿਆ ਨਹੀਂ

ਮੈਂ ਆਪਣੇ ਰੂਪ ਵਿੱਚ ਹੀ ਰਹਾਂਗਾ
ਤੁਹਾਡੇ ਸੱਚੇ ਵਿੱਚ ਫਿੱਟ ਨਹੀਂ ਬਹਾਂਗਾ
ਮੇਰੀ ਪਾਠ-ਪੁਸਤਕ ਵਿੱਚ ਨਹੀਂ ਹੈ ਦਰਜ
ਗੰਗਾ ਜਾ ਕੇ ਗੰਗਾ ਦਾਸ ਕਹਾਉਣਾ
ਜਮਨਾ ਜਾ ਕੇ ਜਮਨਾ ਦਾਸ ਕਹਾਉਣਾ

ਮੈਂ ਠੋਸ ਹਾਂ ਪੂਰੇ ਪੂਰੇ ਦਾ ਪੂਰਾ
ਇਨਸਾਨੀ ਦਿਲ ਰੱਖਦਾ ਹਾਂ
ਮੈਂ ਵਿਰਾਟ ਹੱਥ ਬਣ ਵੀ ਸਕਦਾ ਹਾਂ
ਚੰਡੀ ਵੀ ਫੜ ਸਕਦਾ ਹਾਂ
ਤਖ਼ਤ ਦੇ ਕੂੜ ਦੇ ਗੋਡੇ ਲੁਆਉਣ ਲਈ
ਲੋੜ ਵੇਲੇ ਸਬੂਤਾ ਸਿਰ ਲੈ ਕੇ
ਚੌਂਕ 'ਚ ਖੜ੍ਹ ਸਕਦਾ ਹਾਂ
ਖ਼ਬਰਦਾਰ! ਹੋਸ਼ਿਆਰ !

***

ਭੇਡ-ਦਿਵਸ

ਅੱਜ ਦਾ ਦਿਨ ਹਰ ਸਾਲ ਅਸਾਡੇ
ਭੇਡ ਦਿਵਸ ਦੇ ਵਜੋਂ ਮਨਾਇਆ ਜਾਂਦੈ
ਝੰਡੀਆਂ ਸੋਨ-ਸੁਨਹਿਰੀ ਤਾਰਾਂ ਲਾ-ਲਾ
ਲਾੜੀ ਵਾਂਗਰ ਸ਼ਹਿਰ ਸਜਾਇਆ ਜਾਂਦੈ
ਅੱਜ ਖੁੱਲ੍ਹੇ ਪੰਡਾਲ 'ਚ ਭੇਡਾਂ ਹੀ ਭੇਡਾਂ
ਆਪਣੇ-ਆਪਣੇ ਇੱਜੜ ਦੁਆਲ਼ੇ
ਖੜਾ ਹੈ ਮਾਲਕ ਡਾਂਗ ਉਲਾਰੀ
ਵਫ਼ਾਦਾਰ ਇੱਕ ਭੁੱਚਰ ਕੁੱਤਾ
ਮਾਲਕ ਲਾਗੇ ਪੂਛ ਹਿਲਾਵੇ
ਭੇਡਾਂ ਨੂੰ ਉਹ ਭੌਂਕ ਡਰਾਵੇ

ਕਈ ਇੱਜੜਾਂ ਦੀਆਂ ਭੇਡਾਂ ਦੇ ਗਲ਼ ਪਾ ਦਿੱਤਾ ਹੈ
ਵੱਖਰੇ-ਵੱਖਰੇ ਰੰਗ ਦਾ ਧਾਗਾ
ਕਈ ਇੱਜੜਾਂ ਦੇ ਮਾਲਕਾਂ ਭੇਡਾਂ ਦੀ ਪਿੱਠ 'ਤੇ
ਆਪਣਾ-ਆਪਣਾ ਲਾ ਦਿੱਤਾ ਹੈ
ਰੰਗਲਾ ਠੱਪਾ ਤਾਂ ਕਿ ਭੇਡਾਂ
ਇੱਕ ਦੂਜੇ ਦੇ ਇੱਜੜ ਵਿੱਚ ਰਲ਼
ਇੱਕਮਿਕ ਹੋ ਨਾ ਜਾਣ
ਆਪਣੇ ਦੁੱਖਾਂ ਵਾਲ਼ਾ ਉੱਚੀ ਸੁਰ ਵਿੱਚ
ਸਮੂਹ-ਗੌਣ ਨਾ ਗਾਣ
ਰੱਖਣ ਵੱਖੋ-ਵੱਖ ਪਛਾਣ ਸਦਾ
ਆਪਣੀ ਉੱਨ ਲਹਾਣ ਸਦਾ
ਸਾਂਈਂ-ਸਾਂਈਂ ਗਾਣ ਸਦਾ
ਭੇਡ-ਦਿਵਸ ਦੇ ਅਜਬ ਦਿਹਾੜੇ
ਵੱਖੋ-ਵੱਖ ਨੇ ਕਾਨਫਰੰਸਾਂ
ਸਜਣ ਸਟੇਜੀਂ ਆਪਣੇ-ਆਪਣੇ ਰੰਗ ਬਰੰਗੇ ਬੈਨਰ
ਵੱਖੋ-ਵੱਖ ਸਟੇਜਾਂ
ਏਕੇ ਦੇ ਸੂਤਰ ਵਿੱਚ ਬੱਝੀਆਂ ਪਈਆਂ
ਆਪਸੀ ਖੁੰਧਕ ਵਾਲ਼ੀਆਂ ਸਭ ਨੂੰ
ਅੱਜ ਚਿੰਜੜੀਆਂ ਭੁੱਲ ਗਈਆਂ
ਇਹ ਇੱਕ ਭੇਦ ਨਿਆਰਾ ਹੈ
ਮੁੱਖ ਮਹਿਮਾਨਾਂ ਪਰਧਾਨਾਂ ਦਾ

ਬੜਾ ਪਵਿੱਤਰ ਲੁਕਵਾਂ ਭਾਈਚਾਰਾ ਹੈ
ਵੱਖੋ-ਵੱਖ ਸਟੇਜਾਂ ਉੱਤੇ ਉੱਤੋਂ-ਉੱਤੋਂ
ਆਪਣਾ-ਆਪਣਾ ਨਾਅਰਾ ਹੈ

ਆਪੋ-ਆਪਣੀ ਵਾਰੀ
ਹਰ ਮਹਿਮਾਨ ਹਰ ਪਰਧਾਨ
ਮੂੰਹ ਮਾਈਕ ਦੇ ਨੇੜੇ ਕਰ-ਕਰ
ਸਭ ਭੇਡਾਂ ਦੇ ਨਿਮਰ ਸੁਭਾ ਦਾ ਕਰਦਾ ਹੈ ਗੁਣਗਾਨ
ਹਰ ਕੋਈ ਪੁਲ਼ ਸਿਫਤਾਂ ਦੇ ਬੰਨ੍ਹੇ
ਕਿ ਵਿਹਲ ਕੱਢ ਕੇ ਨਾਲ਼ ਤਸੱਲੀ
ਰੱਬ ਨੇ ਆਪ ਬਣਾਈਆਂ ਭੇਡਾਂ
ਬੀਬੀਆਂ ਬਣ ਸਿਰ ਸਦਾ ਝੁਕਾ ਕੇ ਰੱਖਣ
ਸਿਰ ਉਠਾ ਕੇ ਕਿਸੇ ਵੱਲ੍ਹ ਨਾ ਤੱਕਣ

ਐਵੇਂ ਤਾਂ ਨਈਂ
ਅੱਜ ਭੇਡ-ਦਿਵਸ ਦੇ ਸ਼ੁਭ ਦਿਹਾੜੇ
ਖਰੇ ਮਹੂਰਤ ਸਿਖਰ ਦੁਪਹਿਰੇ
ਢੋਲ ਵਜਾ ਕੇ
ਭੇਡਾਂ ਦਾ ਸਨਮਾਨ ਹੈ ਕੀਤਾ ਜਾਣਾ
ਸ਼ਾਮੀ ਲਾਹ ਕੇ ਸਿਰ ਭੇਡਾਂ ਦੇ ਭੁੰਨ-ਭੁੰਨ ਗੋਸ਼ਤ ਖਾਣਾ
ਗੋਲ਼ ਮੇਜ਼ ਦੁਆਲ਼ੇ ਬਹਿ ਕੇ ਰਲ਼ ਮਿਲ਼ ਜਸ਼ਨ ਮਨਾਣਾ

ਹਰ ਮੋਹਰੀ ਭੇਡ ਹੁਣ ਹਰ ਸਟੇਜ ਦੇ ਉੱਤੋਂ
ਸੁਣ ਉੱਚੀ ਆਵਾਜ਼ ਆਪਣੇ ਸਨਮਾਨ ਦੀ
ਪਿਛਲੇ ਦਿਵਸ 'ਤੇ ਗੋਸ਼ਤ ਬਣ ਗਈ
ਆਪਣੀ-ਆਪਣੀ ਮਾਂ ਦੇ ਵਾਂਗਰ ਗੀਤ ਗਾਉਣ ਲੱਗੀ ਹੈ
ਗੀਤ ਸੁਣ ਇੱਜੜਾਂ ਨੂੰ ਮਿੱਠੀ-ਮਿੱਠੀ ਨੀਂਦ ਆਉਣ ਲੱਗੀ ਹੈ
ਡਾਂਗਾਂ ਵਾਲ਼ੇ ਮਾਲਕਾਂ
ਆਪਣਾ-ਆਪਣਾ ਤੁਰਲਾ ਕੀਤਾ ਉੱਚਾ
ਹਰ ਇੱਜੜ ਦੁਆਲੇ ਭੁੱਚਰ ਕੁੱਤਾ
ਉੱਚੀ-ਉੱਚੀ ਭੌਂਕਣ ਲੱਗਾ
ਮਾਈਕ ਫੜ ਇੱਕ ਫੁਕਰਾ ਫੁਕਰੀ ਰਚਨਾ ਗਾਵੇ -
ਭਾਗਾਂ ਵਾਲ਼ੇ ਉੱਨ ਲਾਹੁਣ ਗੋਸ਼ਤ ਖਾਣ
ਭੇਡਾਂ ਭੇਡਾਂ ਹੀ ਰਹਿਣ ਸ਼ੇਰ ਬਣ ਨਾ ਜਾਣ
ਸ਼ਾਬਾ- ਸ਼ਾਬਾ ਹੋ ਬੱਲੇ- ਬੱਲੇ ***

ਸ਼ੇਰ ਤੋਂ ਚੂਹਾ

ਜੱਗ ਸਾਡਾ ਲੋਹਾ ਮੰਨਦਾ ਹੈ
ਤਲ਼ੀ 'ਤੇ ਹੀ ਨਹੀਂ
ਚੀਚੀ ਦੇ ਨਹੁੰ 'ਤੇ ਵੀ
ਸਰ੍ਹੋਂ ਜਮਾ ਸਕਦੇ ਹਾਂ
ਨਿਤਾਣੇ ਕੀਤਿਆਂ ਨੂੰ
ਹੁਕਮ ਦੇ ਗੋਲੇ ਬਣਾਈ ਰੱਖਣ ਲਈ
ਟੇਢੀ ਅੱਖ ਵਾਲ਼ੇ ਵਿਦਵਾਨਾਂ ਦੁਆਰਾ ਮੰਤਰੇ
ਸਾਡੀ ਪਟਾਰੀ 'ਚ ਨੇ
ਅਦ੍ਰਿਸ਼ਟ ਧਾਗਿਆਂ ਦੇ ਗੋਲ਼ੇ
ਐਵਈਂ ਤਾਂ ਨਈਂ
ਸੱਠ ਘੜੀਆਂ ਹੀ ਸਾਡਾ ਸੂਰਜ ਬਲ਼ਦਾ
ਜੁਗਾਂ-ਜੁਗਾਂ ਤੋਂ ਤ੍ਰਿਲੋਕੀ ਵਿੱਚ ਆਪਣਾ ਸਿੱਕਾ ਚਲਦਾ

ਕੌਣ ਜਾਣਦਾ ਹੈ ਸਾਡੇ ਦਾਅ-ਪੇਚ
ਅਸੀਂ ਆਪਣੇ ਘਰ ਦੇ ਚੂਹੇ ਦੇ
ਡੌਲ਼ੇ 'ਤੇ ਧਾਗਾ ਬੰਨ੍ਹ ਕੇ ਸ਼ੇਰ ਬਣਾ ਲਈਏ
ਫੁੱਲਾਂ ਦੀ ਵਰਖਾ ਕਰਵਾ ਦਈਏ
ਸੁਰਗੀ ਸੰਖ ਵਜਵਾ ਦਈਏ

ਕੌਣ ਨਹੀਂ ਜਾਣਦਾ ਸਾਡੀ ਉਸਤਾਦੀ
ਹੇਠਲੇ ਘਰ ਦੇ ਸ਼ੇਰ ਗਲ਼ ਧਾਗਾ ਪਾ
ਉਸ ਨੂੰ ਚੂਹਾ ਬਣਾ ਦਈਏ
ਉਹ ਮੁੜ ਰੂਪ ਪਲ਼ਟਾ ਨਾ ਸਕੇ
ਅਸੀਂ ਆਪਣੇ ਕਿਸੇ ਕਲਪਿਤ ਰੱਬ ਨੂੰ
ਉਸ ਦੀ ਪਿੱਠ 'ਤੇ ਚੜ੍ਹਾ ਦਈਏ
ਉਸ ਦਾ ਸਿਰ ਝੁਕਾ ਦਈਏ
ਉਸ ਦੇ ਮੱਥੇ ਮੋਹਰ ਲਗਾ ਦਈਏ
ਜੁਗਾਂ-ਜੁਗਾਂ ਲਈ ਸ਼ੇਰ ਨੂੰ
ਚੂਹੇ ਦੀ ਜੂਨੇ ਪਾ ਦਈਏ
ਆਸੇ-ਪਾਸੇ ਕੜੁੱਕੀਆਂ ਸਜਾ ਦਈਏ

ਸਾਡੇ ਪੂਰਵਜਾਂ ਨੇ
ਕੱਚੀਆਂ ਗੋਲੀਆਂ ਨਹੀਂ ਖੇਡੀਆਂ
ਉਨ੍ਹਾਂ ਦੇ ਪ੍ਰਵਚਨਾਂ ਨੂੰ ਕੋਈ ਮੋੜ ਨਹੀਂ ਸਕਿਆ
ਉਨ੍ਹਾਂ ਦੇ ਧਾਗੇ ਨੂੰ ਕੋਈ ਤੋੜ ਨਹੀਂ ਸਕਿਆ
ਚੂਹੇ ਤੋਂ ਬਣਿਆ ਸ਼ੇਰ ਅਜੇ ਵੀ ਸ਼ੇਰ ਹੈ
ਸ਼ੇਰ ਤੋਂ ਬਣਿਆ ਚੂਹਾ ਅਜੇ ਵੀ ਚੂਹਾ ਹੈ
ਉਸ ਦੀ ਜ਼ਿੰਦਗੀ ਦਾ ਬੰਦ ਬੂਹਾ ਹੈ

ਸ਼ੇਰ ਤੋਂ ਬਣਿਆ ਚੂਹਾ ਹੁਣ
ਮਿਥਿਹਾਸ ਦੇ ਖੋਭੇ 'ਚ ਖੁੱਭ ਗਿਆ ਹੈ
ਰੱਬ ਦੇ ਹੱਥੀਂ ਲਿਖੇ ਕਹੇ ਜਾਣ ਵਾਲ਼ੇ
ਹਰਫਾਂ ਨੂੰ ਪੜ੍ਹਨ 'ਚ ਰੁੱਝ ਗਿਆ ਹੈ
ਪੂਰਵਲੇ ਜਨਮਾਂ ਦੇ
ਆਪਣੇ ਕਾਲ਼ੇ ਵਰਕੇ ਫੋਲਦਾ ਹੈ
ਅਗਲੇ ਜਨਮ ਦੇ ਆਪਣੇ
ਸੁਨਹਿਰੀ ਕਾਂਡ ਟੋਲ਼ਦਾ ਹੈ

ਹੁਣ ਉਹ ਰਜ਼ਾ ਵਿੱਚ ਰਹਿੰਦਾ
ਉੱਪਰ ਵਾਲ਼ੇ ਦੇ ਹੁਕਮ ਦੀ ਬੰਸਰੀ ਵਜਾਉਂਦਾ ਹੈ
ਔਖਾ-ਸੌਖਾ ਆਪਣਾ ਜਨਮ ਟਪਾਉਂਦਾ ਹੈ
ਇਹ ਸਾਡਾ ਹੀ ਕਮਾਲ ਹੈ
ਕਿ ਉਹ ਰੋਂਦਾ ਹੋਇਆ ਵੀ
ਇੰਝ ਲੱਗਦਾ ਹੈ
ਜਿਵੇਂ ਉਹ ਹੱਸਦਾ ਹੈ
ਜਾਗੋ- ਮੀਟੀ 'ਚ ਖ਼ੁਸ਼ੀ-ਖ਼ੁਸ਼ੀ ਵੱਸਦਾ ਹੈ

ਅਸੀਂ
ਖੋਜੀ ਸਭਾ 'ਚ ਬੈਠੇ
ਹੋਰ ਮੰਤਰ ਖੋਜਦੇ ਹਾਂ ਹੱਸਦੇ ਹਾਂ
ਡੌਲ਼ੇ- ਗਲ਼ਾਂ ਦੇ ਧਾਗੇ ਕੱਸਦੇ ਹਾਂ

***

ਬਾਂਗ ਦੇਣ ਦੀ ਸਜ਼ਾ

ਬਾਦਸ਼ਾਹ ਨੂੰ ਅੱਚੋਆਈ ਲੱਗੀ ਰਹਿੰਦੀ
ਭੁੱਖ ਵੀ ਘੱਟ ਹੀ ਲੱਗਦੀ
ਮਿਹਦੇ 'ਤੇ ਸਾੜ ਪੈਂਦਾ ਚਿੱਤ ਘਬਰਾਉਂਦਾ
ਢਿੱਡ ਵੀ ਗੜਬੜਾਉਂਦਾ
ਉਹ ਸੂਰਜ ਡੁੱਬਦੇ ਹੀ
ਬਿਸਤਰੇ 'ਚ ਗੁੱਛਾ-ਮੁੱਛਾ ਹੋ ਜਾਂਦਾ
ਪਾਸੇ ਮਾਰਦਿਆਂ ਹੀ ਪਹੁ ਫੁਟਾਲਾ ਹੋ ਜਾਂਦਾ
ਦਿਨ ਉਸ ਨੂੰ ਦੈਂਤ ਵਾਂਗਰ ਡਰਾਂਦਾ

ਉਸ ਦੀ ਤੜਪਾਈ ਜੂਹ 'ਚ
ਇੱਕ ਦੋ ਜਾਗਦੇ ਸ਼ੇਰ ਸਨ
ਜੋ ਉਸ ਨੂੰ ਜਾਗਣ- ਸੌਣ ਨਾ ਦਿੰਦੇ
ਰੰਗ-ਰਲੀਆਂ ਮਨਾਉਣ ਨਾ ਦਿੰਦੇ
ਉਹ ਦਰਬਾਰੀ ਜ਼ਾਲਮ ਤਲਵਾਰਾਂ ਨੂੰ ਘੂਰਦੇ ਸਨ
ਸਤਾਏ ਲੋਕਾਂ ਦਾ ਪੱਖ ਪੂਰਦੇ ਸਨ
ਲੁਕਣ-ਮੀਟੀ ਖੇਡਦੇ ਸੁੱਤਿਆਂ ਨੂੰ ਜਗਾਉਂਦੇ ਸਨ
ਲੱਤਾਂ ਸਿੱਧੀਆਂ ਕਰ
ਸਿਰ ਉਠਾ ਹਿੱਕ ਤਾਣ ਚੱਲਣਾ ਸਿਖਾਉਂਦੇ ਸਨ
ਬਾਦਸ਼ਾਹ ਨੂੰ ਏਹੋ ਫ਼ਿਕਰ ਰਹਿੰਦਾ ਸੀ
ਸਰਕਾਰੀ ਰੱਸਾ ਉਨ੍ਹਾਂ ਦੇ ਗਲ਼ 'ਚ ਨਾ ਪੈਂਦਾ ਸੀ
ਉਹ ਜਾਗਣ-ਜਗਾਉਣ ਵਾਲ਼ਿਆਂ ਤੋਂ ਤ੍ਰਹਿੰਦਾ ਸੀ
ਵਿੱਚੋ-ਵਿੱਚ ਕਲਪਦਾ ਰਹਿੰਦਾ ਸੀ

ਫਿਕਰਾਂ ਲੱਦੀ ਇੱਕ ਰਾਤ ਉਸ ਦੀਆਂ ਅੱਖਾਂ ਵਿੱਚ
ਸਲਵਾੜ ਵਾਂਗ ਚੀਰ ਲਾਉਂਦੀ ਰਹੀ
ਰੋਂਦੇ ਕੁੱਤਿਆਂ ਦੀ ਹੇੜ੍ਹ ਸਤਾਉਂਦੀ ਰਹੀ
ਖੁੱਲ੍ਹੀਂ ਅੱਖੀਂ ਸੁਪਨਾ ਆਉਂਦਾ ਰਿਹਾ
ਸ਼ੇਰਾਂ ਦਾ ਜੋੜਾ ਤਾਜ ਨੂੰ ਹੱਥ ਪਾਉਂਦਾ ਰਿਹਾ
ਤਖ਼ਤ ਨੂੰ ਉਸ ਦੇ ਹੇਠੋਂ ਖਿਸਕਾਉਂਦਾ ਰਿਹਾ
ਤੜਕੇ ਜਿਹੇ ਰਤਾ ਕੁ ਅੱਖ ਲੱਗੀ
ਕੁੱਕੜ ਨੇ ਬਾਂਗ ਦੇ ਦਿੱਤੀ
ਬਾਦਸ਼ਾਹ ਤ੍ਰਬਕ ਕੇ ਖੜੋ ਗਿਆ
ਸੱਦਿਆ ਪੁੱਛਿਆ ਵਜ਼ੀਰ ਨੂੰ
ਝੁਕਦਿਆਂ ਓਸ ਨੇ ਦਿੱਤਾ ਜਵਾਬ–
ਜਹਾਂ ਪਨਾਹ!
ਇਹ ਕਲਗੀ ਵਾਲ਼ੇ ਕੁੱਕੜ ਦੀ ਬਾਂਗ ਏ
ਉਹ ਦਿਨ ਚੜ੍ਹਨ ਦੀ ਹੇਕ ਲਾਉਂਦਾ ਹੈ
ਆਪ ਜਾਗਦੈ ਹੋਰਾਂ ਨੂੰ ਜਗਾਉਂਦਾ ਹੈ

ਬਾਦਸ਼ਾਹ ਕੜਕਿਆ–
ਜਾਗਣ–ਜਗਾਉਣ ਵਾਲ਼ਿਆਂ
ਮੇਰਾ ਸੁੱਖ–ਚੈਨ ਚੁਰਾਇਆ ਹੈ
ਮਾਰ ਹੀ ਮੁਕਾਇਆ ਹੈ
ਮੇਰੀ ਕੁੰਦਨ ਦੇਹੀ ਨੂੰ ਘੁਣ ਲਾਇਆ ਹੈ
ਹੇਕਾਂ ਲਗਾਉਣ ਵਾਲ਼ਿਆਂ ਦਾ
ਜਾਗਣ– ਜਗਾਉਣ ਵਾਲ਼ਿਆਂ ਦਾ
ਸੂਰਜ ਚੜ੍ਹਨ ਤੱਕ ਖੁਰਾ–ਖੋਜ ਮਿਟਾ ਦਿਓ
ਸਭ ਦੀਆਂ ਕਲਗੀਆਂ ਸਿਰਾਂ ਸਹਿਤ ਉਡਾ ਦਿਓ
ਹੱਕਾ–ਬੱਕਾ ਵਜ਼ੀਰ ਸਿਰ ਝੁਕਾਉਂਦਾ
'ਜੋ ਹੁਕਮ' 'ਜੋ ਹੁਕਮ' ਕਹਿੰਦਾ–ਕਹਿੰਦਾ
ਕਾਹਲ਼ੇ ਕਦਮੀਂ ਰਿੜ੍ਹ ਪਿਆ
ਬਾਦਸ਼ਾਹ ਪਲ਼ੰਘ 'ਤੇ ਟੇਢਾ ਹੋ ਗਿਆ
ਕੰਬਦਾ ਵਜ਼ੀਰ ਕੌਲ਼ੇ ਉਹਲੇ ਖੜੋ ਗਿਆ
ਬੁੱਲ੍ਹ ਚਿੱਥ ਕੇ ਕਹਿਣ ਲੱਗਾ–
ਬਾਦਸ਼ਾਹ ਨੂੰ ਕੀ ਹੋ ਗਿਆ! ਕੀ ਹੋ ਗਿਆ!

***

ਸਿਆਸੀ ਕਿਰਲੀ

ਸ਼ਹਿਰ ਦੀ ਦਸ਼ਾ 'ਤੇ ਤਬਸਰਾ ਜਾਰੀ ਹੈ
ਸੰਘਣਾ ਬੱਦਲ਼ ਕਣੀਆਂ ਪੈਣ
ਨ੍ਹੇਰ-ਖੂਹ 'ਚ ਚਾਰੇ ਕੂਟਾਂ ਲਾਪਤਾ
ਨਿਜੀ ਕਮਰੇ ਵਿੱਚ ਨਿਜੀ ਬੈਟਰੀ ਜਗਦੀ
ਬੂਹਾ ਮੁਕੰਮਲ ਬੰਦ

ਖੁੱਲ੍ਹੀਆਂ ਖਿੜਕੀਆਂ ਰੌਸ਼ਨਦਾਨਾਂ ਦੇ ਬਾਹਰ
'ਕੱਠੇ ਹੋਏ ਭਵੱਕੜ
ਲੋਅ ਤੱਕ ਜਾਣ ਲਈ ਬਿਹਬਲ
ਵਿਚਕਾਰ ਜਾਲ਼ੀ ਹੈ
ਉਹ ਚਾਹੁੰਣ ਜਾਲ਼ੀ ਨੂੰ ਪਾਰ ਕਰਨਾ
ਜਾਲ਼ੀ ਨੂੰ ਤਾਰ-ਤਾਰ ਕਰਨਾ

ਨੇੜੇ ਹੀ ਨੁੱਕਰ ਵਿੱਚ
ਭਲੀਮਾਣਸ ਬਣ ਕੇ ਚਿਪਕੀ ਸਿਆਸੀ ਕਿਰਲੀ
ਰੁਕ-ਰੁਕ ਹੱਲਾ ਬੋਲ
'ਕੱਲਾ-'ਕੱਲਾ ਭਵੱਕੜ ਦਬੋਚ
ਮਜ਼ੇ-ਮਜ਼ੇ ਢਿੱਡ ਭਰ ਰਹੀ ਹੈ
ਰੱਬ-ਰੱਬ ਕਰ ਰਹੀ ਹੈ

ਸ਼ਹਿਰ ਦਾ ਮਸਲਾ ਗੰਭੀਰ ਹੈ
ਵਿਚਾਰੇ ਭਵੱਕੜਾਂ ਦੀ ਅਖੀਰ ਹੈ
ਸ਼ਹਿਰ ਦੀ ਦਸ਼ਾ 'ਤੇ ਤਬਸਰਾ ਜਾਰੀ ਹੈ

***

ਟਾਲ੍ਹੀ ਦੇ ਬਿਰਖ ਥੱਲੇ

ਮੈਂ ਕਿੰਨ੍ਹਾ ਚਿਰ
ਟਾਲ੍ਹੀ ਦੇ ਬਿਰਖ ਥੱਲੇ ਗੁਆਚਿਆ ਰਹਿੰਦਾ ਹਾਂ
ਮੈਂ ਜਦ ਵੀ ਏਥੋਂ ਗੁਜ਼ਰਦਾ ਹਾਂ
ਪੈਰਾਂ ਨੂੰ ਖੁੰਡ-ਗਲ਼ਾਵਾਂ ਰੱਸਾ ਪੈ ਜਾਂਦਾ ਹੈ
ਟਾਲ੍ਹੀ ਦੀ ਗੇਲੀ ਵਰਗਾ
ਮੇਰਾ ਜੁੱਸਾ ਢਹਿ ਜਾਂਦਾ ਹੈ
ਏਥੇ ਜੋਗਾ ਹੀ ਰਹਿ ਜਾਂਦਾ ਹੈ

ਅਜੇ ਕੱਲ੍ਹ ਹੀ ਤਾਂ
ਇਹ ਟਾਲ੍ਹੀ ਹਰੀ ਭਰੀ ਜਵਾਨ ਸੀ
ਪੱਤੇ-ਪੱਤੇ 'ਤੇ ਮੁਸਕਾਨ ਸੀ
ਪਤਾ ਨਹੀਂ ਜੜ੍ਹਾਂ ਦੀ ਮਿੱਟੀ ਨਾਲ਼
ਕਿਨੇ ਕੀ ਸਾਜਿਸ਼ ਰਚੀ
ਪਾਣੀ 'ਚ ਕਿਹੜੀ ਚਾਲ ਛਹਿ ਗਈ
ਹਵਾ ਨੂੰ ਕੀ ਬਿਮਾਰੀ ਪੈ ਗਈ
ਧੁੱਪ ਕਮਲ਼ੀ ਹੋਈ ਵੇਖਦੀ ਹੀ ਰਹਿ ਗਈ

ਅੱਜ ਇਹ ਟਾਲ੍ਹੀ
ਖੜ੍ਹਸੁਕ ਹੋਈ ਪਈ ਏ
ਸੱਕੀ-ਸੱਕੀ ਰੋ ਰਹੀ ਏ
ਚਿਰਾਂ ਦੇ ਖੜ੍ਹਸੁਕ ਹੋ ਕੇ
ਗੁਜ਼ਰ ਗਏ ਮੇਰੇ ਮਾਂ-ਪਿਓ
ਟਾਲ੍ਹੀ ਚੋਂ ਦਿਖਾਈ ਦੇ ਰਹੇ ਹਨ
ਜ਼ਿੰਦਗੀ ਦੀ ਹਰਿਆਵਲ ਟੋਲ਼ਦੇ
ਰਾਜਧਾਨੀ ਦੇ ਪੱਥਰਾਂ 'ਚ
ਸਿਰ ਮਾਰਦੇ ਵਿਲਕਦੇ ਨਜ਼ਰ ਆ ਰਹੇ ਨੇ
ਇਸ਼ਾਰਿਆਂ ਨਾਲ਼ ਸਾਰੀ
ਦਰਦ ਕਹਾਣੀ ਮੈਨੂੰ ਸਮਝਾ ਰਹੇ ਨੇ

ਮੈਂ ਕਿੰਨ੍ਹਾਂ ਚਿਰ
ਟਾਲ੍ਹੀ ਦੇ ਬਿਰਖ ਥੱਲੇ ਗੁਆਚਿਆ ਰਹਿੰਦਾ ਹਾਂ

***

ਤਕਸੀਮ

ਉਤਲੀ ਹਵਾ ’ਚ ਉਡਦੇ ਮਨੁੱਖ ਨੇ
ਓਤਾਂਹ ਨੂੰ ਹੱਥ ਕਰ ਖਿੜਦਿਆਂ ਦਿੱਤਾ ਜਵਾਬ–
ਬਣੀ ਲਹਿਰਾਂ–ਬਹਿਰਾਂ ਨੇ
ਜ਼ਿੰਦਗੀ ਦੀਆਂ ਦਿਨ ਢਲ਼ੇ ਵੀ
ਮਹਿਕਦੀਆਂ ਦੁਪਹਿਰਾਂ ਨੇ
ਰੱਬ ਨੇ ਕੀ ਨਹੀਂ ਬਖ਼ਸ਼ਿਆ !

ਜ਼ਿੰਦਗੀ ਦੀ ਦਲਦਲ ਵਿੱਚ ਗਲ਼–ਗਲ਼ ਖੁੱਭਿਆ
ਪੈਰ ਟਿਕਾਉਣ ਲਈ ਗਿੱਠ ਕੁ ਜ਼ਮੀਨ ਲਈ
ਹੱਥ–ਪੈਰ ਮਾਰਦਾ ਮਨੁੱਖੀ ਜਾਮਾ ਜਿਹਾ ਵਿਲਕਿਆ–
ਇਹ ਵੀ ਕੋਈ ਜੂਨ ਏ
ਬਸ ਜਿਊਣ ਦੀ ਅੜੀ ਏ ਜਨੂੰਨ ਏ
ਰੱਬ ਨੇ ਬਖ਼ਸ਼ਿਆ ਹੀ ਕੀ ਏ !

ਪਹਿਲੇ ਦੀ ਗੋਲ਼–ਮੋਲ਼ ਗੱਲ
ਮੇਰੇ ਢਿੱਡ ਵਿੱਚ ਗੋਲ਼ਾ ਬਣ ਗਈ
ਸਦੀਆਂ ਤੋਂ ਕੁੱਜੇ ਵਿੱਚ ਫਸੇ
ਦੂਜੇ ਦੇ ਸਿਰ ’ਚੋਂ ਨਿੱਕਲ਼ੀ ਗੱਲ
ਤੀਰ ਵਾਂਗ ਮੇਰੀ ਹਿੱਕ ’ਚ ਤਣ ਗਈ
ਮੈਂ ਕੜਕ ਕੇ ਪੁੱਛਿਆ–
ਉਏ ! ਕਿੱਥੇ ਹੈ ਤੁਹਾਡਾ ਰੱਬ
ਕਰੋ ਮੇਰੇ ਸਾਹਮਣੇ ਮਰੋੜਾਂ ਕੰਨ ਓਸ ਦੇ
ਉਸ ਦੀਆਂ ਅੱਖਾਂ ਅੱਗਿਓਂ ਹਟਾਵਾਂ ਪਾਲ਼ ਕੂੜ ਦੀ
ਪਿੰਡ ਸਕੂਲੇ ਪੜ੍ਹਨੇ ਪਾਵਾਂ
ਟਾਟ ਦੇ ਉੱਤੇ ਬਿਠਾਵਾਂ
ਉਸ ਨੂੰ ਤਕਸੀਮ ਸਿਖਾਵਾਂ
***

ਸਮੁੰਦਰੋਂ ਆਰ-ਪਾਰ

ਤੁਸੀਂ ਮੀਸਣੇ ਬਣ ਕੇ
ਸੱਚ ਦਬਾ ਲੈਂਦੇ ਹੋ
ਧੁਰ ਅੰਦਰ ਛੁਪਾ ਲੈਂਦੇ ਹੋ
ਮੇਰੀ ਹੋਂਦ ਦਾ ਪੌਦਾ
ਮੇਰੇ ਖ਼ਾਨਦਾਨ ਦੀ ਮਿੱਟੀ 'ਚੋਂ
ਝਟਕੇ ਨਾਲ਼ ਪੁੱਟ ਲੈਂਦੇ ਹੋ
ਮੁੱਠੀ 'ਚ ਘੁੱਟ ਲੈਂਦੇ ਹੋ

ਤੁਹਾਡੀ ਹਰ ਹਰਕਤ ਪਛਾਣਦਾ ਹਾਂ
ਰਗ-ਰਗ ਨੂੰ ਜਾਣਦਾ ਹਾਂ
ਤੁਹਾਡਾ ਖ਼ਿਆਲ ਹੈ
ਮੈਨੂੰ ਕੀ ਪਤਾ ਹੈ
ਕਿ ਭਾਗੋ ਦੇ ਮਾਲ੍ਹ-ਪੂੜਿਆਂ 'ਚੋਂ
ਨੁੱਚੜਦਾ ਲਹੂ ਕਿਸ ਦਾ ਸੀ
ਉਸ ਦੀ ਚੱਕੀ 'ਚ ਕੌਣ-ਕੌਣ ਪਿਸਦਾ ਸੀ

ਮੈਨੂੰ ਗੁੱਝੇ ਭੇਦਾਂ ਦਾ ਭੇਦ ਹੈ
ਸਾਡੀਆਂ ਹਿੱਕਾਂ 'ਚ ਹੀ ਕਿਉਂ ਪੈਂਦਾ ਛੇਦ ਹੈ
ਸਮੁੰਦਰੋਂ ਆਰ-ਪਾਰ
ਗੁਪਤ ਖ਼ਜ਼ਾਨੇ 'ਚ ਪਈਆਂ ਗਾਂਧੀ ਠੱਪੇ ਵਾਲ਼ੀਆਂ
ਸਿੱਲ੍ਹੀਆਂ ਲਾਲ ਪੰਡਾਂ'ਚ ਕਿਸ ਦਾ ਭਾਗ ਹੈ
ਤੁਹਾਡੇ ਸਦਾ ਹਰਿਆਵਲ ਸੌਣ ਮਾਹ ਦੀ
ਕਿਉਂ ਸਾਡਾ ਹੀ ਸੁੱਕਿਆ ਬਾਗ਼ ਹੈ

ਮੈਂ ਨਾ ਦਬਾਉਣਾ ਹੈ
ਨਾ ਲੁਕਾਉਣਾ ਹੈ
ਜੇ ਮੈਂ ਹੁਣ ਵੀ ਨਾ ਸੁਣਾਇਆ
ਤਾਂ ਸੱਚ ਕਦ ਸੁਣਾਉਣਾ ਹੈ
ਮਾਲ੍ਹ-ਪੂੜਿਆਂ 'ਚੋਂ
ਨੁੱਚੜਦਾ ਲਹੂ ਸਾਡਾ ਹੀ ਸੀ
ਗੁਪਤ ਪੰਡਾਂ 'ਚ ਰਚਿਆ ਲਹੂ
ਸਾਡੇ ਸਿਵਾਅ ਹੋਰ ਕਿਸ ਦਾ ਹੈ
ਇਹ ਸਾਫ-ਸਾਫ ਤਾਂ ਦਿਸਦਾ ਹੈ

ਹੁਸ਼ਿਆਰ ਰਹਿਣਾ
ਤੁਹਾਡਾ ਕਿਲਾ ਤੋੜਾਂਗੇ
ਪੰਡਾਂ ਨਿਚੋੜਾਂਗੇ
ਸਾਡਾ ਕਹਿਣਾ ਸੱਚ ਕਹਿਣਾ ਹੈ
ਆਪਣਾ ਲਹੂ ਵਾਪਸ ਲੈਣਾ ਹੈ

***

ਉੱਘ-ਸੁੱਘ ਮਿਲ਼ੇ ਤਾਂ

ਤੂੰ ਜਾਣਦਾ ਏਂ
ਮੈਂ ਉਸ ਦੇ ਗੁੰਮਸ਼ੁਦਾ ਹੋਣ ਦਾ ਇਸ਼ਤਿਹਾਰ ਦਿੱਤਾ ਸੀ
ਤੇਰੇ ਸਨੇਹ ਭਰੇ ਸੁਨੇਹੇ ਵਿੱਚ
ਦੱਸੇ ਟਿਕਾਣਿਆਂ 'ਤੇ
ਮੈਂ ਹੋ ਆਇਆ ਹਾਂ

ਉਸ ਦੇ ਨਾਂ ਦੇ ਬੋਰਡਾਂ ਵਾਲ਼ੇ ਦਰੀਂ
ਮੈਂ ਪਹਿਲਾਂ ਹੀ ਬੜਾ ਸਿਰ ਭਨਾਇਆ ਹੈ
ਉਹ ਤਾਂ ਬਾਹਰੀ ਸ਼ਾਨਾਂ ਹੀ ਨੇ
ਕਾਰੋਬਾਰੀ ਦੁਕਾਨਾਂ ਹੀ ਨੇ
ਉਹ ਉੱਥੇ ਕਿੱਥੇ ਟਿਕ ਸਕਦਾ ਹੈ

ਪਿੰਜਰ ਹਲ਼ਵਾਹਕ ਜਿੱਥੇ ਭੁੱਖ ਦੀ ਮੂਰਤ ਬਣੀ
ਮਿੱਟੀ ਨਾਲ਼ ਘੁਲ਼ਦਾ
ਮਿੱਟੀ ਹੋਈ ਜਾਂਵਦਾ
ਜਿੱਥੇ ਰੁਲ਼ੀਏ ਸੀਰੀ ਦਾ ਬੁੱਧ ਸਿੰਘ
ਪੰਜਾਲ਼ੀ ' ਚ ਫਸੇ ਢੋਰਾਂ ਅੱਗੇ
ਬੀਂਡੀ ਜੁੜਿਆ ਹਲ਼ ਖਿੱਚ੍ਹਦਾ-ਖਿੱਚ੍ਹਦਾ
ਫੱਟੀ ਬਸਤੇ ਨੂੰ ਤਰਸਦਾ ਕੇਵਲ ਬੁੱਧੂ ਰਹਿ ਜਾਂਦਾ
ਬਚਪਨ ਦੀ ਜੂਹ 'ਚ ਹੀ
ਹਾਰ ਥੱਕ ਕੇ ਬੁੱਢਾ ਹੋਇਆ ਢਹਿ ਜਾਂਦਾ
ਅਜਿਹੇ ਕੁਰਲਾਉਂਦੇ ਸਾਹਾਂ ਸਾਹਮਣੇ
ਕੌਣ ਖੜੋ ਸਕਦਾ ਹੈ
ਭਲਾ ਉਹ ਉੱਥੇ ਹੋ ਸਕਦਾ ਹੈ ?

ਤੇਰੇ ਦੱਸਣ ਅਨੁਸਾਰ
ਮੈਂ ਉੱਥੇ ਵੀ ਗਿਆ ਸਾਂ
ਜਿੱਥੇ ਖਾਡਰੇ ਦੇ ਦਿਨੀਂ ਮੁੜਕੋ-ਮੁੜਕੀ ਹੋਏ
ਮੁੜ੍ਹਕਾ ਵੀ ਸੁਕਾ ਨਾ ਸਕਦੇ
ਕੰਮ ਅਟਕਾ ਨਾ ਸਕਦੇ
ਗ਼ਰੀਬੀ ਰੇਖਾ' ਚ ਉਲ਼ਝੇ ਵਿਲਕਦੇ
ਚੂਹੇ-ਚੂਹੀਆਂ ਵਾਂਗ ਕੜੁੱਕੀ 'ਚ ਫਸੇ
ਦੁੱਧ ਚੁੰਘਦੇ ਬੱਚਿਆਂ ਨੂੰ
ਬਿਰਖਾਂ ਨਾਲ਼ ਟੰਗੇ
ਦੁਪੱਟਿਆਂ' ਚ ਸੁਲ਼ਾ ਕਿਰਤ ਕਰਦੇ
ਉਨ੍ਹਾਂ ਨੂੰ ਦੁੱਧ-ਪਾਣੀ ਪਿਆਉਣ ਲੱਗੇ ਮਾਲਕ ਤੋਂ ਡਰਦੇ
ਛਲਣੀ ਹਿੱਕਾਂ ਦੀ ਕਦੇ ਗੱਲ ਵੀ ਨਾ ਕਰਦੇ
ਗਹੁ ਨਾਲ਼ ਜਾਂਚਿਆ
ਖੱਬੇ-ਸੱਜੇ ਕੋਈ ਕੋਨਾ ਛੱਡਿਆ ਨਹੀਂ
ਮੈਨੂੰ ਉਹ ਉੱਥੇ ਵੀ ਲੱਭਿਆ ਨਹੀਂ

ਤੇਰੇ ਦੱਸੇ ਟਿਕਾਣਿਆਂ ਤੇ
ਮੈਂ ਜਿੱਥੇ-ਜਿੱਥੇ ਵੀ ਗਿਆਂ
ਸਾਰਿਆਂ ਨੂੰ ਬੰਧਨਾਂ ਵਿੱਚ ਤੜਪਦੇ ਹੀ ਵੇਖਿਆ
ਹੀਰਿਆਂ ਨਾਲ਼ ਜੜੀ ਤਲਵਾਰ
ਬੰਧਨਾਂ ਨੂੰ ਮਜ਼ਬੂਤ ਕਰੇ
ਹੁਕਮ ਅਨੁਸਾਰ ਕੰਮ ਸੂਤ ਕਰੇ

ਉਸ ਨੂੰ ਟੋਲਣੋ ਛੱਡੀ ਕੋਈ ਜ਼ਮੀਨ ਨਹੀਂ
ਉਂਝ ਮੈਨੂੰ ਹੁਣ ਕੋਈ ਯਕੀਨ ਨਹੀਂ
ਜੇ ਤੁਹਾਨੂੰ ਉਸ ਦੀ ਓਘ-ਸੁੱਘ ਮਿਲ਼ੇ ਤਾਂ
ਮੈਨੂੰ ਸੁਨੇਹਾ ਘੱਲਿਓ
ਮੈਂ ਉਸ ਨਾਲ਼ ਦੋ ਹੱਥ ਕਰਨੇ ਨੇ
ਉਂਝ ਕਹਿੰਦੇ ਨੇ
ਉਹ ਮੇਰੇ ਅੰਦਰ ਵੀ ਵੱਸਦਾ ਏ
ਕਣ-ਕਣ ਵਿੱਚ ਲੱਸਦਾ ਏ
ਮੇਰੇ ਮਜਬੂਰ ਅੱਥਰੂ ਵਗਣ
ਉਹ ਪਤਾ ਨਹੀਂ ਕਿੱਥੇ ਵੱਸਦਾ ਏ

***

ਸਿਸਕਦੀ ਚਿੱਠੀ

ਓਸ ਨੇ ਲੋਕਾਂ ਤੋਂ ਸੁਣਿਆ ਰਹਿਮ ਦਿਲ ਹੈ ਬਾਦਸ਼ਾਹ
ਆਖਦੇ ਨੇ ਲੋੜਵੰਦਾਂ ਨੂੰ ਨਵਾਂ ਬਖ਼ਸ਼ੇ ਉਹ ਰਾਹ
ਆਸ ਵਾਲ਼ੀ ਓਸ ਨੇ ਚਿੱਠੀ ਲਿਖੀ ਦਰਬਾਰ ਨੂੰ
ਘਰ ਦੀਆਂ ਮਜਬੂਰੀਆਂ ਸਭ ਦੱਸੀਆਂ ਸਰਕਾਰ ਨੂੰ

ਓਸ ਨੇ ਲਿਖਿਆ ਕਿ ਉਸ ਦੀ ਹੈ ਤਮੰਨਾ ਪੜ੍ਹਨ ਦੀ
ਸ਼ਰਤ ਹੈ ਉਸ ਦੀ ਹਨ੍ਹੇਰੇ ਨਾਲ਼ ਜਮ ਕੇ ਲੜਨ ਦੀ
ਥੱਕ ਚੁੱਕੀ ਸੀ ਦੁਆਵਾਂ ਕਰ ਕੇ ਉਹ ਕਰਤਾਰ ਨੂੰ
ਅਰਜ਼ ਆਪਣੀ ਫ਼ੀਸ ਲਈ ਕੀਤੀ ਸੀ ਤਾਂ ਸਰਕਾਰ ਨੂੰ

ਕਈ ਮਹੀਨੇ ਓਸਦੀ ਚਿੱਠੀ ਰਹੀ ਸੀ ਘੁੰਮਦੀ
ਰਾਹ ਖੜੋਤੇ ਪੱਥਰਾਂ ਦੇ ਪੈਰ ਰਹੀ ਸੀ ਚੁੰਮਦੀ
ਸਾਲ ਬਾਅਦੋਂ ਇੱਕ ਨੁਮਾਇੰਦਾ ਭੇਜਿਆ ਸਰਕਾਰ ਨੇ
ਮਾਮਲੇ ਦੀ ਗੰਢ ਸਾਰੀ ਖੋਲ੍ਹੀ ਇੱਕ ਅਖ਼ਬਾਰ ਨੇ

ਉਸ ਨੁਮਾਇੰਦੇ ਨੇ ਕਿਹਾ ਸਰਕਾਰ ਹੈ ਖ਼ਾਲੀ ਅਜੇ
ਓਸਦੇ ਤਾਂ ਆਪਣੇ ਹੀ ਹੁੰਦੇ ਨਹੀਂ ਪੂਰੇ ਮਜ਼ੇ
ਇੱਕ ਪੁਸਤਕ ਧਾਰਮਿਕ ਉਸ ਹੱਥ ਫੜਾਈ ਓਸਦੇ
ਅੱਥਰੂ ਮੁਟਿਆਰ ਦੇ ਪੁਸਤਕ ਦੇ ਉੱਪਰ ਡਿਗ੍ਹ ਪਏ

ਓਸ ਨੇ ਸਮਝਾਇਆ ਕਿ ਤੂੰ ਏਸ ਨੂੰ ਪੜ੍ਹਿਆ ਕਰੀਂ
ਆਪਣੇ ਜਾਂ ਤੂੰ ਹਨ੍ਹੇਰੇ ਨਾਲ਼ ਨਾ ਲੜਿਆ ਕਰੀਂ
ਸ਼ਬਦ ਇਸ ਦੇ ਸ਼ਾਂਤ ਰੱਖਣਗੇ ਸਦਾ ਤੇਰਾ ਸੁਭਾ
ਹੁਣ ਨਹੀਂ ਤਾਂ ਜਨਮ ਅਗਲੇ ਹੋਏਗਾ ਤੇਰਾ ਭਲਾ

ਆਸ ਲਾਈ ਤਖ਼ਤ 'ਤੇ ਬੇਟੀ ਅਜੇ ਵੀ ਵਿਲਕਦੀ
ਓਸਦੀ ਚਿੱਠੀ ਪਈ ਦਰਬਾਰ ਦੇ ਵਿੱਚ ਸਿਸਕਦੀ

***

ਸਿੱਕਦਾਰ ਮਨੁੱਖ ਨੂੰ

ਖ਼ੁਸ਼ਕ ਖੱਡ ਦੀ ਰੇਤ ਪੱਥਰਾਂ 'ਤੇ
ਮਾਂ ਦੇ ਲੋਕ-ਗੀਤ ਜਿੱਡੀਆਂ ਹੇਕਾਂ ਦੇ ਵਾਂਗ
ਲੰਮ-ਸਲੰਮੀਆਂ ਝੂਲਦੀਆਂ ਚੀਲ੍ਹਾਂ ਦੀ ਛਾਂ
ਕਲ਼ਾਵੇ ਭਰ-ਭਰ ਸਾਂਭਾਂ
ਸੀਟੀਆਂ ਮਾਰਦੀ ਮਿੱਠੜੀ ਪੌਣ ਨੂੰ
ਮੱਲੋ-ਮੱਲੀ ਜੀ ਕਰੇ
ਪੱਥਰ ਸਿਰ੍ਹਾਣੇ ਧਰ ਕੇ ਸੌਣ ਨੂੰ

ਇੱਕ ਟਹਿਣ ਦਾ ਦ੍ਰਿਸ਼ ਪਾ ਲੈਂਦਾ ਹੈ ਮੈਨੂੰ ਡੋਰ
ਪੁੱਜ ਜਾਂਦਾ ਹਾਂ ਬੜੀ ਦੂਰ ਕਿਤੇ ਹੋਰ ਕਿਤੇ ਹੋਰ
ਅਲੋਪ ਹੋ ਗਈ ਚਿੜੀ ਦੇ ਜਿਸਮ ਨਾਲ਼ੋਂ
ਡੇਢ ਕੁ ਗੁਣਾ ਵੱਡੇ ਫਨ੍ਹਾਰ ਪੰਛੀਆਂ ਦਾ ਜੋੜਾ
ਵਾਰੋ-ਵਾਰੀ ਆਪਣੀ ਚੁੰਝ ਮਾਰ-ਮਾਰ
ਇੱਕ ਦੂਸਰੇ ਦੇ ਪਰ ਸਾਫ ਪਿਆ ਕਰਦਾ
ਦੋਵੇਂ ਇੱਕ ਦੂਜੇ ਦੀ ਉਡਾਰੀ ਦੀ ਸੁੱਖ ਮੰਗਦੇ
ਸੁੱਚੜੀ ਮੁਹੱਬਤ 'ਚ ਸਾਹਾਂ ਨੂੰ ਰੰਗਦੇ

ਕਾਸ਼! ਮੇਰੇ ਕੋਲ਼ ਹੁੰਦਾ ਕੈਮਰਾ
ਖਿੱਚ ਲੈਂਦਾ ਇਹ ਖ਼ਾਸ ਤਸਵੀਰ ਮੈਂ
ਸ਼ਹਿਰ ਆਪਣੇ ਹਰ ਚੌਂਕ ਵਿੱਚ ਦਿੰਦਾ ਲਟਕਾ
ਮੋਟੇ ਅੱਖਰਾਂ 'ਚ ਹੇਠਾਂ ਲਿਖ ਦਿੰਦਾ ਇਸ ਤਰ੍ਹਾਂ-
ਐ ਸਿੱਕਦਾਰ ਮਨੁੱਖ !
ਮਨੁੱਖਤਾ ਦਾ ਝੰਡਾ ਉੱਚਾ ਗੱਡ
ਕਿਸੇ ਦੇ ਪਰ ਸੁਆਰਨੇ ਸਿੱਖ
ਕਿਸੇ ਦੇ ਪਰ ਕੁਤਰਨੇ ਛੱਡ

***

ਏਥੇ ਕਦੇ ਖੂਹ ਹੁੰਦਾ ਸੀ

ਪਿੰਡ ਵਾਸੀਓ
ਦੁਨੀਆਂ ਅੱਗੇ, ਹਾਂ ਬਹੁਤ ਅੱਗੇ ਲੰਘ ਆਈ ਹੈ
ਛੱਡ ਆਈ ਹੈ ਕਿਤੇ ਦੂਰ,ਬਹੁਤ ਦੂਰ
ਕੁਰੂਕਸ਼ੇਤਰ ਦੇ ਜੁੱਗ ਦਾ ਕਮਾਲ
ਸੂਰਜ ਮੰਡਲ ਦੇ ਨਾਲ਼-ਨਾਲ਼
ਕਦਮ ਤਾਲ ਕਰਦਾ ਜੀਵਨ-ਉਛਾਲ਼
ਛੱਡ ਆਈ ਹੈ ਇਹ ਕਿਤੇ ਬਹੁਤ ਦੂਰ

ਪਿੰਡ ਵਾਸੀਓ
ਹੁਣ ਉਹ ਗੱਲ ਗਈ ਆਈ
ਹੁਣ ਤਾਂ ਘਰ-ਘਰ ਡੂੰਘੇ ਬੋਰ ਨੇ
ਹੁਣ ਕੌਣ ਪੁੱਛਦਾ ਹੈ ਖੂਹ ਨੂੰ
ਪਿੰਡ ਦੀ ਸਾਂਝੀ ਰੂਹ ਨੂੰ

ਪਿੰਡ ਵਾਸੀਓ
ਉਡਣ ਤਸ਼ਤਰੀਆਂ ਦੇ ਬ੍ਰਹਿਮੰਡੀ ਵਿਹੜੇ
ਗਿੱਧਾ ਪਾਉਣ ਲਈ ਕਾਹਲ਼ੀ
ਬਹੁਤ ਅੱਗੇ ਲੰਘ ਆਈ ਦੁਨੀਆਂ ਦੇ
ਤਪਦੇ-ਢਲ਼ਦੇ ਮੇਲੇ ਵਿੱਚ
ਜ਼ਿੰਦਗੀ ਦਾ ਹਵਾਲਾ ਬਹੁਤ ਘੱਟ ਹੈ
ਸ਼ੋਰ ਹੀ ਸ਼ੋਰ ਹੈ
ਜਿਊਣ ਦਾ ਮਸਾਲਾ ਬਹੁਤ ਘੱਟ ਹੈ
ਅੱਜ ਤਾਂ ਬੰਦਾ ਜ਼ਿੰਦਗੀ ਤੋਂ ਡਰਦਾ ਹੈ
ਪੋਟਾ-ਪੋਟਾ ਖ਼ੁਦਕੁਸ਼ੀ ਕਰਦਾ ਹੈ

ਪਿੰਡ ਵਾਸੀਓ
ਖਾਮੋਸ਼ ਰਹਿੰਦਾ ਹਾਂ ਸਹਿਜ ਰਹਿੰਦਾ ਹਾਂ
ਕਦੇ-ਕਦੇ ਉੱਜੜੀ ਬੋਹੜ ਦੇ ਥੜ੍ਹੇ 'ਤੇ ਖੜੋ ਕੇ
ਹੰਝੂਆਂ ਵਿੱਚ ਡੁੱਬੇ ਬੋਲ ਕਹਿੰਦਾ ਹਾਂ
ਕਿ ਹੁਣ ਖੂਹ ਦੀ ਲੋੜ ਹੀ ਕੀ ਹੈ
ਕੋਈ ਜ਼ਿੰਦਗੀ ਦਾ ਸਤਾਇਆ
ਇਸ ਨੂੰ ਮੁਕਤੀ-ਦੁਆਰ ਸਮਝ ਕੇ
ਸਿਰ ਭਾਰ ਸਮਾਧੀ ਨਾ ਲਗਾ ਜਾਏ
ਸਾਰਾ ਇਲਜ਼ਾਮ
ਵਿਚਾਰੇ ਖੂਹ ਸਿਰ ਹੀ ਨਾ ਆ ਜਾਏ

ਪਿੰਡ ਵਾਸੀਓ! ਆਓ ਖੂਹ ਪੂਰੀਏ
ਖੂਹ ਪੂਰ ਇਸ ਦੇ ਮੂੰਹ ਦੇ ਕੇਂਦਰ ਵਿੱਚ
ਇੱਕ ਸਿਲ੍ਹ ਪੱਕੀ ਤਰ੍ਹਾਂ ਟਿਕਾ ਦੇਈਏ
ਜਿਸ ਉੱਤੇ ਡੂੰਘਾ ਉੱਕਰਿਆ ਹੋਵੇ
'ਏਥੇ ਕਦੇ ਖੂਹ ਹੁੰਦਾ ਸੀ
ਜੋ ਪਿੰਡ ਦੀ ਸਾਂਝੀ ਰੂਹ ਹੁੰਦਾ ਸੀ'

ਪਿੰਡ ਵਾਸੀਓ! ਹੋ ਸਕਦੈ
ਬਹੁਤ ਅੱਗੇ ਲੰਘ ਆਈ
ਤਿਲਕ-ਤਿਲਕ ਪੈਂਦੀ ਦੁਨੀਆਂ ਨੂੰ
ਪੈਰ ਪਿੱਛੇ ਖਿਸਕਾਉਣਾ ਪਵੇ
ਹੋ ਸਕਦੈ ਖੂਹ ਉੱਤੇ
ਡੋਲ ਮੁੜ ਖੜਕਾਉਣਾ ਪਵੇ

***

ਇੱਕ ਨਵਾਂ ਪੱਤਾ

ਆਪੋ ਆਪਣੇ ਪੱਥ ਮੱਲੀ
ਨਾਲ਼ ਜ਼ੰਜੀਰਾਂ ਬੱਝੇ ਹੋਏ ਗ੍ਰਹਿ
ਕਿੱਲੇ ਦੁਆਲ਼ੇ ਘੁੰਮੀ ਜਾਂਦੇ
ਇੱਕ ਦੂਜੇ ਨੂੰ ਉਹ ਮਿਲ਼ ਸਕਦੇ ਨਹੀਂ
ਜੇ ਕਦੇ ਜ਼ੰਜੀਰ ਆਪਣੀ ਤੋੜ ਕੇ ਉਹ ਮਿਲ਼ ਪਏ
ਪ੍ਰਬੰਧ ਮੰਡਲ਼ ਧੂੜ ਧੁਖਦੀ ਹੋਏਗਾ
ਬ੍ਰਹਿਮੰਡ ਦਾ ਹਰ ਚੰਨ ਤਾਰਾ ਰੋਏਗਾ
ਮੇਲ਼ ਉਹਨਾਂ ਦਾ ਹੋਏ ਜਾਂ ਨਾ ਹੋਏ
ਤੇਰਾ ਮੇਰਾ ਮੇਲ਼ ਹੋਣਾ ਲਾਜ਼ਮੀ ਹੈ
ਇਹ ਪਵਿੱਤਰ ਖੇਲ੍ਹ ਹੋਣਾ ਲਾਜ਼ਮੀ ਹੈ

ਤੇਰੇ ਪੈਰਾਂ ਮੇਰੇ ਪੈਰਾਂ ਵਿੱਚ ਪਈ
ਜਨਮ ਤੋਂ ਪਹਿਲਾਂ ਦੀ ਹੀ ਜ਼ੰਜੀਰ ਹੈ
ਮੈਂ ਤੇਰੀ ਹੱਦ ਵਿੱਚ ਕਦੇ ਨਾ ਜਾ ਸਕਾਂ
ਤੂੰ ਮੇਰੀ ਹੱਦ ਵਿੱਚ ਕਦੇ ਨਾ ਆ ਸਕੇਂ
ਤੇਰਾ ਪਰਛਾਵਾਂ ਮੇਰਾ ਪਰਛਾਵਾਂ
ਇੱਕ ਕਦੇ ਨਾ ਹੋ ਸਕਣ
ਤੇਰੇ ਹੱਥ ਮੇਰੇ ਹੱਥ ਨੂੰ
ਮੇਰੇ ਹੱਥ ਤੇਰੇ ਹੱਥ ਨੂੰ
ਚਾਹ ਕੇ ਵੀ ਨਾ ਛੋਹ ਸਕਣ

ਜੇ ਪਵਿੱਤਰ ਖੇਲ੍ਹ ਏਦਾਂ ਹੋ ਗਿਆ
ਜੇ ਅਸੀਂ ਇੱਕ ਦੂਸਰੇ ਨੂੰ ਛੋਹ ਲਿਆ
ਧਰਤ ਦਾ ਪ੍ਰਬੰਧ- ਮੰਡਲ ਤਿੜਕ ਹੀ ਜਾਏਗਾ ਸਾਰਾ
ਤੇਰੀ ਮੇਰੀ ਹੱਦ ਅੰਦਰ ਜ਼ਲਜ਼ਲਾ ਆਏਗਾ ਭਾਰਾ
ਤੇਰੀ ਮੇਰੀ ਮੂਰਤੀ ਦੇ ਇੱਕ ਹੋ ਕੇ ਖਿੜਨ 'ਚੋਂ
ਜੋਤ ਸੁੱਚੀ ਬਲ਼ ਰਹੀ ਪਲ ਵਿੱਚ ਬੁਝਾਵਣ ਵਾਸਤੇ
ਭੁੜਕ ਉੱਠੇਗੀ ਦੁਨਾਲ਼ੀ ਖ਼ਾਨਦਾਨੀ ਅਣਖ ਲਈ
ਫਾਇਰ ਦੋ ਹੋਣਗੇ
ਮੌਕੇ ਮੁਤਾਬਕ ਹੋਣਗੇ ਦੋ ਵਾਰ ਵੀ ਤਲਵਾਰ ਦੇ
ਝੱਟ ਪਵਿੱਤਰ ਖੇਲ੍ਹ ਸਾਡਾ
ਨਕਸ਼ ਬਣ ਜਾਏਗਾ ਕਾਲ਼ੇ ਅਗਲੇ ਦਿਨ ਅਖ਼ਬਾਰ ਦੇ

ਹੋ ਜਾਊ ਮਿੱਟੀ ਅਸਾਡੀ ਪਰ ਕਹਾਣੀ ਸਾਡੜੀ
ਹੋਣੀ ਕਦੇ ਮਿੱਟੀ ਨਹੀਂ
ਅੱਤਵਾਦੀ ਵੱਖਵਾਦੀ 'ਸਿਮ੍ਰਤੀ' ਦੇ ਬਿਰਖ 'ਤੇ
ਇੱਕ ਨਵਾਂ ਪੱਤਾ ਅਸਾਡੇ
ਨਾਮ ਵਾਲ਼ਾ ਆਏਗਾ
ਜੋ ਗੀਤ ਐਸਾ ਗਾਏਗਾ
ਗੰਗਾ ਉਲ਼ਟ ਵਹਾਏਗਾ
ਵਗ ਰਹੀ ਕਾਲ਼ੀ ਹਵਾ ਨੂੰ ਉਹ ਤਾਂ ਮੋੜ ਦਏਗਾ
ਮੇਟ ਦੇਵੇਗਾ ਉਹ ਹੱਦਾਂ
ਸਾਡਿਆਂ ਪੈਰਾਂ ਦੀਆਂ ਜ਼ੰਜੀਰਾਂ ਤੋੜ ਦਏਗਾ

***

ਸਿਰਨਾਵੇਂ ਦੀਆਂ ਜੜ੍ਹਾਂ

ਮੁੜ੍ਹਕੋ-ਮੁੜ੍ਹਕੀ ਨੱਕ ਦੀ ਸੇਧੇ
ਮੈਂ ਉਡਿਆ ਜਾ ਰਿਹਾ ਸਾਂ
ਧੂਹ ਰਹੀ ਸੀ ਮਹਿਕ ਮੈਨੂੰ ਦੂਰ ਤੋਂ

ਅਰਸ਼ ਪਤਾਲ਼ ਫੋਲ ਚੁਟਕੀਆਂ ਵਜਾਉਂਦਿਆਂ
ਸੋਨੇ ਦੀਆਂ ਡਲ਼ੀਆਂ
ਮੁੱਠ ਵਿੱਚ ਕਰਨ ਵਾਲ਼ੇ ਸ਼ਖ਼ਸ ਨੇ
ਪਰਖ ਮੇਰੀ ਚਾਲ ਮਿਹਰਬਾਨ ਹੋ ਕੇ
ਮੇਰੇ ਸਿਰ ਤਾਣ ਦਿੱਤੀ ਕਾਲ਼ੀ ਘਟਾ
ਬਖ਼ਸ਼ ਦਿੱਤੀ ਪੀਂਘ ਸਤਰੰਗੀ ਵੀ
ਉਡਣ ਲੱਗੇ ਬਗਲੇ ਦੁੱਧ ਚਿੱਟੇ
ਚਾਲ ਮੇਰੀ ਹੋਰ ਬਲਵਾਨ ਹੋਣ ਲੱਗੀ ਸੀ
ਕੁੱਝ-ਕੁੱਝ ਜ਼ਿੰਦਗੀ ਆਸਾਨ ਹੋਣ ਲੱਗੀ ਸੀ

ਮਿਹਰਬਾਨ ਸ਼ਖ਼ਸ ਦੇ
ਸਿਰ ਵਿੱਚ ਪਤਾ ਨਈਂ ਕੀ ਭੁੜਕਿਆ
ਝੱਟ ਤਫ਼ਤੀਸ਼ ਕਰਨ ਲੱਗਾ ਵਾਂਗ ਥਾਣੇਦਾਰ ਦੇ-
ਤੂੰ ਚੱਪਾ ਏਂ ਅੱਧਾ ਏਂ
ਪੂਰਾ ਏਂ ਜਾਂ ਪੌਣ ਏਂ
ਕਿੰਨ੍ਹਾਂ ਚੋਂ ਤੂੰ ਕੌਣ ਏਂ

ਤੇਰਾ ਕੀ ਨਾਂ ਏ
ਬ੍ਰਹਮਾ ਦੇ ਅੰਗਾਂ 'ਚੋਂ ਨਿੱਕਲ਼ੇ
ਮਨੁੱਖਾਂ 'ਚ ਤੇਰਾ ਕਿੱਥੇ ਕੁ ਥਾਂ ਏ

ਮੇਰੇ ਧੁਰ ਦੇ ਬੋਲਾਂ 'ਚੋਂ
ਮੇਰੇ ਸਿਰਨਾਵੇਂ ਦੀਆਂ ਜੜ੍ਹਾਂ
ਲਈਆਂ ਓਸ ਨੇ ਪਛਾਣ
ਉਹਦੇ ਸਿਰ ਵੱਜਿਆ ਬਦਾਣ
ਬੇਸੁਆਦਾ ਹੋ ਗਿਆ ਮੂੰਹ ਓਸ ਦਾ
ਨਿਰਮਲ ਪੌਣ ਵਿੱਚੋਂ ਵੀ
ਸੜਿਆਨ੍ਹ ਆਈ ਓਸ ਨੂੰ
ਅੱਖ ਦੇ ਫੋਰ ਵਿੱਚ
ਕਾਲ਼ੀ ਘਟਾ ਤੁੰਬਾ-ਤੁੰਬਾ ਹੋ ਉਡੀ
ਧੁੱਪ ਤਿੱਖੀ ਹੋ ਗਈ ਹੋਰ ਵੀ

ਮੈਂ ਹੱਥ ਸਿਰ ਤੇ ਫੇਰਿਆ
ਕਿਹਾ ਆਪਣੇ ਆਪ ਨੂੰ
ਚਲ ਮੱਲਾ ਚਲ
ਪੈਂਡਾ ਬੜੀ ਦੂਰ ਏ
ਜਾਣਾ ਵੀ ਜ਼ਰੂਰ ਏ
***

ਸੋਹਣੀ ਧੀ ਹੋਣਾ

ਸੋਹਣੀ ਧੀ ਹੋਣਾ ਗੁਨਾਹ ਤਾਂ ਨਹੀਂ ਹੁੰਦਾ
ਸਿਰ ਖੱਖੜੀਆਂ ਕਰ ਦੇਵਾਂ ਉਸ ਦਾ
ਜੋ ਕਿਸੇ ਦੀ ਸੋਹਣੀ ਧੀ ਵੇਖ ਕੇ
ਗੰਧਰਵ ਵਿਆਹ ਦੇ ਪ੍ਰਸਤਾਵ 'ਤੇ
ਉਸ ਦੀ ਬਾਂਹ ਮਰੋੜ ਅੰਗੂਠਾ ਲਗਵਾਏ
ਧੀ ਦੇ ਮਨ੍ਹਾਂ ਕਰਨ 'ਤੇ
ਹੀਰੇ ਮੋਤੀਆਂ ਦਾ ਥਾਲ਼ ਵਿਖਾਏ
ਹਾਥੀ ਘੋੜਿਆਂ ਦੀ ਧੌਂਸ ਜਮਾਏ

ਮੈਂ ਅੱਜ ਦਾ ਬਾਪ ਹਾਂ
ਗੁਜ਼ਰੇ ਜੁਗ ਦਾ ਕੁਸ਼ਨਾਭ ਨਹੀਂ ਹਾਂ
ਜੋ ਧੀਆਂ ਨਾਲ਼ ਪਵਨ ਦੇਵ ਦੀ ਧੱਕੇਸ਼ਾਹੀ
ਸਿਰ ਨੀਵਾਂ ਕਰ ਸਹਿ ਸਕਦਾ ਹੈ
ਕੁੱਝ ਨੀ ਹੋਇਆ ਕਹਿ ਸਕਦਾ ਹੈ
ਜੇ ਉਸ ਨੇ
ਪਵਨ ਦੇਵ ਦੇ ਰੱਥ ਦਾ ਪਹੀਆ
ਨਾਲ਼ ਬਦਾਣ ਦੇ ਤੋੜਿਆ ਹੁੰਦਾ
ਮੂੰਹ ਓਸ ਦਾ ਮੋੜਿਆ ਹੁੰਦਾ
ਅੱਜ ਕੋਈ ਵੀ ਕਿਸੇ ਦੀ ਧੀ ਦਾ
ਰਾਹ ਰੋਕ ਕੇ ਖੜ੍ਹ ਨਾ ਸਕਦਾ
ਕਿਸੇ ਵੀ ਘਰ ਦੀ ਪੱਗ ਦੇ ਉੱਤੇ
ਨਾਗ ਕਦੇ ਵੀ ਲੜ ਨਾ ਸਕਦਾ
ਸੋਹਣੀ ਧੀ ਹੋਣਾ ਗੁਨਾਹ ਤਾਂ ਨਹੀਂ ਹੁੰਦਾ

***

ਮੈਂ ਕੁਹਾੜਾ ਨਹੀਂ ਸੁੱਟਾਂਗਾ

ਮੈਂ ਕੁਹਾੜਾ ਨਹੀਂ ਸੁੱਟਾਂਗਾ
ਮੈਂ ਤਰਸਦੇ ਚੁੱਲ੍ਹਿਆਂ ਲਈ
ਬਾਲਣ ਦੇ ਭਰੇ ਬਣਾਵਾਂਗਾ
ਬਲ਼ਦੀ ਅੱਗ ਦਾ ਗੀਤ ਗਾਵਾਂਗਾ

ਤੁਸੀਂ ਠੀਕ ਕਹਿੰਦੇ ਹੋ
ਮੇਰਾ ਸੁਪਨਾ ਪੂਰਾ ਹੋਣਾ
ਆਸਾਨ ਨਹੀਂ ਹੈ
ਬੰਦਾ ਆਖਰ ਬੰਦਾ ਹੈ
ਦਾਦੀ ਮਾਂ ਦੀ ਬਾਤ ਦੇ ਚਿਰਾਗ਼ ’ਚੋਂ ਨਿੱਕਲਿਆ
ਭਲਵਾਨ ਨਹੀਂ ਹੈ
ਰਾਏ ਹੀ ਦੇਣ ਜੋਗਿਓ
ਤੁਹਾਡੇ ਨਾਲ਼ੋਂ ਤੁਹਾਡੇ ਬੋਲ ਦਮਦਾਰ ਨੇ
ਕਿ ’ਕੱਲਾ ਬੰਦਾ
ਕਿਹੜਾ ਪਹਾੜ ਹਿਲਾ ਸਕਦਾ ਹੈ
ਤਾਰਿਆਂ ਨੂੰ ਤੋੜ ਕੇ
ਝੋਲ਼ੀ ’ਚ ਕੌਣ ਪਾ ਸਕਦਾ ਹੈ
ਬਲ਼ਦਾ ਜੰਗਲ ਪਾਣੀ ਦੀਆਂ ਚੁਲ਼ੀਆਂ ਨਾਲ਼
ਕੌਣ ਬੁਝਾ ਸਕਦਾ ਹੈ

ਪਰ ਗੱਲਾਂ ਹੀ ਬਣਾਉਣ ਜੋਗਿਓ
ਸੁਆਦ ਲੈ-ਲੈ ਸੁਣਾਉਣ ਜੋਗਿਓ
ਮੈਂ ਆਪਣੇ ਸਿਰ ਦਾ ਦੀਵਾ ਜਗਾ ਲਿਆ ਹੈ
ਆਪਣੀ ਜਾਨ ਨੂੰ
ਮੌਤ ਦੀ ਸੁਰੰਗ ਦਾ ਹੁਸਨ ਵਿਖਾ ਲਿਆ ਹੈ

ਜੋ ਹੋਣਾ ਹੋ ਜਾਵੇ
ਜਿਹੜੇ ਮਰਜ਼ੀ ਮੋੜ 'ਤੇ
ਹੋਣੀ ਖੜੋ ਜਾਵੇ

ਮੈਂ ਕਦਮ ਵਧਾਈ ਜਾਵਾਂਗਾ
'ਕੱਲਾ ਹੀ ਸੰਖ ਵਜਾਵਾਂਗਾ
ਚੌਂਕਿਆਂ ਦਾ ਚਾਨਣ
ਲੰਬੀ ਡੂੰਘੀ ਨੀਂਦ 'ਚੋਂ ਉੱਠ ਖੜੋਏਗਾ
ਫੁੱਲਵੀਆਂ ਰੋਟੀਆਂ ਪੱਕਣਗੀਆਂ ਨਿੱਘ ਹੋਏਗਾ
ਸੁੱਕੀਆਂ ਲੱਕੜਾਂ ਕੱਟਾਂਗਾ
ਬਿਰਖ ਤੋਂ ਭਾਵੇਂ ਡਿਗ੍ਹ ਪਵਾਂ
ਮੈਂ ਕੁਹਾੜਾ ਨਹੀਂ ਸੁੱਟਾਂਗਾ

***

ਕੱਲ੍ਹ ਦੀ ਧੁੱਪ ਨੂੰ

ਫ਼ਤਿਹ ਤੁਹਾਡੇ ਨਾਲ਼ ਕੀ ਹੋ ਤੁਰੀ
ਫੁੱਲਾਂ ਦੀਆਂ ਟਹਿਣੀਆਂ ਗਲ਼ ਪਾਈ
ਤੁਸੀਂ ਬੈਠ ਗਏ ਹੋ ਬਸ
ਵਾਂਗ ਪਹਾੜਾਂ ਉੱਚਿਆਂ
ਸੁੱਖ ਆਰਾਮ ਦਾ ਨਮੂਨਾ ਬਣ ਕੇ

ਤੁਹਾਡੇ ਡੌਲ਼ਿਆਂ ਦੀਆਂ ਘੁੱਗੀਆਂ
ਰਹਿ ਗਈਆਂ ਨੇ
ਜਾਮ 'ਚ ਚੁੰਝ ਡੁਬੋਣ ਜੋਗੀਆਂ
ਤੁਹਾਡੇ ਨੈਣਾਂ ਦੀਆਂ ਝੀਲਾਂ 'ਚ
ਤੈਰਦੇ ਨੇ ਸਿਰਫ਼ ਹੁਸੀਨ ਸੁਪਨੇ
ਬੈਠਕ ਦਾ ਸ਼ਿੰਗਾਰ ਬਣੀ ਕੰਧ ਨਾਲ਼ ਟਿਕੀਆਂ
ਜੇਤੂ ਤਲਵਾਰਾਂ ਨੂੰ ਜ਼ੰਗ ਖਾ ਰਿਹਾ ਹੈ
ਹਨ੍ਹੇਰਾ ਮੁੜ ਮੁਸਕਰਾ ਰਿਹਾ ਹੈ

ਜੇ ਇੰਝ ਹੀ ਜਾਗੋ-ਮੀਟੀ ਵਿੱਚ
ਤੁਸੀਂ ਕਬਰਾਂ ਵਿੱਚ ਡਿਗ੍ਹ ਪਏ
ਤਾਂ ਤੁਹਾਡੇ ਵਿਹੜੇ ਦੇ ਬੂਟੇ ਸਦੀਵੀ ਵੈਣ ਪਾਉਂਦੇ
ਜੁਗਾਂ-ਜੁਗਾਂ ਤੋਂ ਸਹਿਜ ਆਸਣ ਵਿੱਚ ਟਿਕੇ
ਧਰੂ ਤਾਰੇ ਨੂੰ ਵੀ ਹਿਲਾਉਣਗੇ
ਕੱਲ੍ਹ ਦੀ ਧੁੱਪ ਨੂੰ
ਤੁਹਾਡੇ ਵਾਰਿਸਾਂ ਦੇ ਪੈਰ ਤਾਂ ਕੀ
ਸਿਰ ਵੀ ਨਜ਼ਰ ਨਹੀਂ ਆਉਣਗੇ

***

ਜ਼ਿੰਦਗੀ ਕਿੱਡੀ ਦੂਰ

ਜੁੜਵੇਂ ਧੀ-ਪੁੱਤ ਨੂੰ ਕੁੱਛੜ ਚੁੱਕ
ਛੱਡ ਆਪਣਾ ਘਰ-ਘਾਟ ਹੋ ਮਜਬੂਰ
ਗੱਡੀ ਚੜ੍ਹ ਕੇ ਆਣ ਉੱਤਰੇ
ਆਪਣੇ ਪਿੰਡੋਂ ਦੂਰ ਬੜੀ ਦੂਰ
ਮਿੱਟੀ ਨਾਲ਼ ਮਿੱਟੀ ਹੋ ਕੇ
ਖੇਤਾਂ ਵਿੱਚ ਕਿਰਤ ਕਮਾਈ ਕਰਨ ਲੱਗੇ
ਆਸਾਂ ਦੇ ਧੁਖਦੇ ਖੋਲ਼ਿਆਂ ਵਿੱਚ ਕਬੂਤਰ ਗੁਟਕਣ ਲੱਗੇ

ਪਤਨੀ ਪਤੀ ਦੇ ਮੋਢੇ ਨਾਲ਼ ਮੋਢਾ ਜੋੜ
ਧੀ- ਪੁੱਤ ਲਈ
ਮਹਿਕਦਾ ਫੁੱਲਾਂ ਦਾ ਹਾਰ ਪਰੋਣ ਲੱਗੀ
ਜ਼ਿੰਦਗੀ ਹਿਰਨ ਵਾਂਗ ਚੁੰਗੀਆਂ ਭਰਦੀ
ਅਕਾਸ਼ਾਂ-ਪਤਾਲ਼ਾਂ 'ਚੋਂ ਉਰੇ-ਉਰੇ ਹੋਣ ਲੱਗੀ
ਘੇ ਵਿੱਚ ਮੈਦਾ ਗੋਣ ਲੱਗੀ

ਪਤੀ ਅਗਲੀ ਫ਼ਸਲ ਲਈ ਮਾਲਕ ਦੇ ਖੇਤ ਵਿੱਚ
ਸਿਆੜ ਲਾਉਣ ਲੱਗਾ
ਟਰੈਕਟਰ 'ਤੇ ਫਿੱਟ ਟੇਪ ਦਾ ਬਟਨ ਦਬਾਉਣ ਲੱਗਾ
ਪਤਨੀ ਪੁੱਤ ਨੂੰ ਮੋਢੇ ਬਿਠਾ
ਧੀ ਦਾ ਹੱਥ ਫੜੀ
ਪਸੂਆਂ ਨੂੰ ਪਾਣੀ ਡੌਣ੍ਹ ਤੁਰ ਪਈ
ਆਪਣਾ ਹਿੱਸੇ ਦਾ ਕੰਮ ਮਕਾਉਣ ਤੁਰ ਪਈ

ਮੋਢੇ ਬੈਠੇ ਬਾਦਸ਼ਾਹ ਬਣੇ ਪੁੱਤ ਨੂੰ ਕੀ ਪਤਾ ਸੀ
ਖਿਡੌਣਾ ਸਮਝ ਕੇ ਉਸ ਨੇ
ਕੋਲ਼ੋਂ ਲੰਘਦੀ ਤਾਰ ਨੂੰ ਹੱਥ ਪਾ ਲਿਆ
ਇੱਕੋ ਝਟਕੇ ਨੇ ਤਿੰਨਾਂ ਨੂੰ ਪਟਕਾ ਕੇ ਮਾਰਿਆ
ਟਰੈਕਟਰ 'ਤੋਂ ਛਾਲ ਮਾਰ ਆਉਣ ਤੱਕ
ਪਤੀ ਦੇ ਰੌਲ਼ਾ ਪਾਉਣ ਤੱਕ
ਰੋਣ ਕੁਰਲਾਉਣ ਤੱਕ
ਜ਼ਿੰਦਗੀ ਭਾਲ਼ਦੇ ਤਿੰਨੇ
ਚਿਖਾ ਵਿੱਚ ਚਿਣਨ ਤੋਂ ਪਹਿਲਾਂ ਹੀ
ਰਾਖ ਹੋ ਚੁੱਕੇ ਸਨ
ਪਤਨੀ ਆਪਣਾ ਗੀਤ ਗਾ ਚੁੱਕੀ ਸੀ
ਫੁੱਲਾਂ ਦੀ ਜੋੜੀ
ਸ਼ਾਂਤ ਸਾਗਰ ਵਿੱਚ ਸਮਾ ਚੁੱਕੀ ਸੀ
ਉਹ ਮਰ ਚੁੱਕੀ ਪਤਨੀ ਦੀ
ਨਬਜ਼ ਟੋਹ-ਟੋਹ ਕੇ ਵੇਖਦਾ
ਬੱਚਿਆਂ ਨੂੰ ਚੁੰਮਦਾ ਲੇਰਾਂ ਮਾਰਦਾ
ਓ! ਦਾਤਿਆ, ਓ! ਦਾਤਿਆ ਪੁਕਾਰਦਾ

ਖੇਤਾਂ 'ਚੋਂ ਹਥਲਾ ਕੰਮ ਛੱਡ ਕੇ ਆਏ
ਉਸ ਦੇ ਆਪਣਿਆਂ ਨੇ ਹਉਕਾ ਮਾਰਿਆ-
ਏਥੇ ਬੰਦਾ ਕਿੰਨਾ ਮਜਬੂਰ ਹੈ
ਮੌਤ ਦੀਆਂ ਤਾਰਾਂ ਕਿੰਨੀਆਂ ਨੇੜੇ ਨੇ
ਜ਼ਿੰਦਗੀ ਕਿੱਡੀ ਦੂਰ ਹੈ!

***

ਲੋਹੜੀ ਦਾ ਢੋਲ

ਕੱਲ੍ਹ ਸੀ ਲੋਹੜੀ
ਅੱਜ ਸੂਰਜ ਨੇ
ਨੌਮੀਂ ਧਨ ਰਾਸ਼ੀ 'ਚੋਂ ਨਿੱਕਲ਼
ਮਕਰ ਰਾਸ਼ੀ ਦਾ ਦਰ ਖੜਕਾਇਆ
ਦਸਵੇਂ ਦੇਸੀ ਮਾਘ ਮਹੀਨੇ
ਦਾ ਪਹਿਲਾ ਪਰਵਿਸ਼ਟਾ ਆਇਆ
ਗੁਰਦੁਆਰੇ ਸੰਗਰਾਂਦ ਮਨਾਉਣੀ
ਪਾਠੀ ਸਿੰਘ ਨੇ
ਮਾਘ ਮਹੀਨਾ ਹੈ ਸੁਣਾਉਣਾ
ਲੋਕਾਂ ਮਾਘੀ ਪੁਰਬ ਮਨਾਉਣਾ

ਬੱਚਿਆਂ ਲੋਹੜੀ ਕੱਲ੍ਹ ਮੰਗੀ ਸੀ
ਢੋਲੀ ਸੂਰਜ ਨਿੱਕਲੇ
ਅੱਜ ਹੈ ਮੰਗਣ ਆਇਆ
ਖ਼ੁਸ਼ੀਆਂ ਵਾਲ਼ੇ ਦਰਾਂ ਦੇ ਅੱਗੇ
ਭੰਗੜੇ ਵਾਲ਼ਾ ਢੋਲ਼ ਵਜਾਇਆ
ਖ਼ੁਸ਼ੀਆਂ ਵਾਲ਼ੇ ਗ਼ਮੀਆਂ ਵਾਲ਼ੇ
ਘਰਾਂ ਤਾਂਈਂ ਹੈ ਜਾਣਦਾ
ਹਰ ਇੱਕ ਰੰਗ ਪਛਾਣਦਾ
ਗ਼ਮੀਆਂ ਵਾਲ਼ੇ ਘਰਾਂ ਨੂੰ ਉਹ
ਗੁੰਮ-ਸੁੰਮ ਹੋ ਲੰਘਦਾ ਪਿਆ
ਖ਼ੁਸ਼ੀਆਂ ਵਾਲ਼ੇ ਦਰਾਂ ਨੂੰ
ਆਪਣੇ ਰੰਗ ਰੰਗਦਾ ਪਿਆ

ਇੱਕ ਬੇਟੀ ਨੇ ਗਲ਼ੀ ਦੇ ਬੂਹੇ ਵਿੱਚੋਂ
ਨੱਠ ਕੇ ਅੰਦਰ ਜਾ ਕੇ
ਉਦਾਸੀ ਦੀ ਮੂਰਤ ਬਣੀਂ
ਆਪਣੀ ਮੰਮੀ ਕੋਲ਼ੋਂ ਪੁੱਛਿਆ–
ਭਾਈ ਨੇ ਕਿਉਂ ਨਾ
ਸਾਡੇ ਬੂਹੇ ਢੋਲ ਵਜਾਇਆ
ਸਾਡੇ ਬੂਹੇ ਢੋਲ ਵਜਾਉਣੋਂ
ਉਸ ਨੂੰ ਕਿਨ ਹਟਾਇਆ

ਭੁੱਬਾਂ ਰੋਕੀ ਹੋਈ ਮੰਮੀ ਨੇ ਭਰ ਕਲ਼ਾਵਾ
ਓਸ ਨੂੰ ਢਿੱਡ ਨਾਲ਼ ਲਗਾਇਆ
ਮੰਮੀ ਦੀਆਂ ਅੱਖਾਂ 'ਚੋਂ
ਲੂਣਾ ਸਾਗਰ ਉੱਛਲ਼ ਆਇਆ
ਆਪਣੀ ਬੇਟੀ ਨੂੰ ਸਮਝਾਇਆ
ਪਿਛਲੇ ਸਾਲ ਤੁਹਾਡਾ ਤਿੰਨ ਭੈਣਾਂ ਦਾ
ਹੱਸਦਾ–ਖੇਡਦਾ ਇੱਕੋ–ਇੱਕ ਵੀਰਾ
ਹੱਥਾਂ ਵਿੱਚ ਹੀ ਮਰ ਗਿਆ ਸੀ
ਕਹਿੰਦੇ ਉਸ ਦੀ ਲੋੜ ਸੀ ਰੱਬ ਨੂੰ
ਉਹ ਤਾਂ ਰੱਬ ਦੇ ਘਰ ਗਿਆ ਸੀ
ਅੱਥਰੂ ਹੋਏ ਘਰ ਨੂੰ ਤੱਕ ਕੇ
ਢੋਲੀ ਨੇ ਨਈਂ ਢੋਲ ਵਜਾਇਆ
ਭਾਗਾਂ ਵਾਲ਼ੇ ਘਰਾਂ ਦੇ ਹਿੱਸੇ
ਏਸ ਢੋਲ ਦਾ ਬੋਲ ਹੈ ਆਇਆ

ਪੁੱਛਿਆ ਬੇਟੀ ਮੰਮੀ ਤਾਂਈਂ
ਜੇ ਵੀਰੇ ਦੀ ਲੋੜ ਸੀ ਰੱਬ ਨੂੰ
ਆਪਣੇ ਘਰ ਉਹ ਆਪ ਬਣਾਉਂਦਾ
ਸਾਡੇ ਘਰ ਨਾ ਸੰਨ੍ਹ ਲਗਾਉਂਦਾ
ਅੱਜ ਨਾ ਸਾਨੂੰ ਇੰਝ ਰੁਆਉਂਦਾ
ਭਾਈ ਸਾਡੇ ਵੀ ਢੋਲ਼ ਵਜਾਉਂਦਾ
ਸਾਡਾ ਘਰ ਵੀ ਭੰਗੜਾ ਪਾਉਂਦਾ

***

ਯਕੀਨ ਦਾ ਕਿੱਸਾ

ਬਜ਼ੁਰਗਾਂ ਦਾ ਅਟੁੱਟ ਯਕੀਨ
ਕੁਤਬ ਦੀ ਲਾਠ ਵਾਂਗ ਟਿਕਿਆ ਰਿਹਾ
ਕਿ ਗਲ਼ ਪਈ ਗ਼ੁਰਬਤ ਦੀ
ਗਲ਼-ਘੁੱਟਵੀਂ ਕੰਡਿਆਲ਼ੀ ਪੰਜਾਲ਼ੀ
ਆਪਣੇ ਪਿਛਲੇ ਕਰਮਾਂ ਦੇ ਖੇਤ 'ਚ
ਹੱਥੀਂ ਬੀਜੇ ਕੰਡਿਆਂ ਦਾ ਫਲ਼ ਹੈ
ਫਲ਼ ਤਾਂ ਭੁਗਤਣਾ ਹੀ ਪੈਂਦਾ ਹੈ
ਇੰਝ ਬੰਦਾ ਅੱਗੇ ਚੰਗਾ ਰਹਿੰਦਾ ਹੈ

ਉਹ ਮਾਂਹ-ਮੋਠਾਂ ਵਾਂਗ
ਯਕੀਨ ਦੀ ਤੌੜੀ 'ਚ ਓਬਲ਼ਦੇ ਗੁਣਗਣਾਉਂਦੇ ਰਹੇ
ਇੱਕ ਦੂਸਰੇ ਨੂੰ ਸਮਝਾਉਂਦੇ ਰਹੇ
ਕਿ ਕਿਸਮਤ ਕਦੇ ਅਰਸ਼ੀਂ ਹੁੰਦੀ ਹੈ
ਕਦੇ ਇਹ ਪੈਰ ਚੁੰਮਦੀ ਹੈ
ਮਜਬੂਰੀਆਂ ਦੇ ਖੂਹ ਦੀ ਟਿੰਡ
ਸਦਾ ਸਾਡੇ ਹੀ ਸਿਰ 'ਤੇ
ਮੂਧੀ ਹੁੰਦੀ ਨਹੀਂ ਰਹਿਣੀ
ਸੁੱਕੇ ਬਿਰਖ 'ਤੇ ਵੀ ਨੱਚ ਪੈਂਦੀ ਹੈ ਟਹਿਣੀ
ਬਜ਼ੁਰਗ ਬੰਦਖਲਾਸੀ ਲਈ ਬੰਦਗੀ ਕਰਦੇ ਰਹੇ
ਜਾਲ਼ ਉਨ੍ਹਾਂ 'ਤੇ ਪਏ ਭੁੱਖ-ਦੁੱਖ ਦੇ ਰਹੇ
ਉਹ ਸੁੱਖਾਂ ਲਈ ਸੁੱਖਣਾ ਸੁੱਖਦੇ ਰਹੇ

ਲੂੰਹਦੀਆਂ ਘੜੀਆਂ 'ਚ ਵੀ ਬਜ਼ੁਰਗਾਂ ਸਿਰ
ਯਕੀਨ ਦਾ ਮੋਰ ਪੈਲਾਂ ਪਾਉਂਦਾ ਰਿਹਾ
ਕਿ ਲੱਛਮੀ ਨੂੰ ਠੋਕ੍ਹਰ ਮਾਰਨ ਨਾਲ਼
ਉਹ ਪੈਰਾਂ 'ਚ ਢੇਰੀ ਹੁੰਦੀ ਹੈ
ਪਲੋ-ਪਲੀ ਬਥ੍ਹੇਰੀ ਹੁੰਦੀ ਹੈ
ਲੱਛਮੀ ਨੂੰ ਤਰਸਦੇ ਅੱਖਾਂ ਮੁੰਦ ਸਿਰ ਝੁਕਾ ਕੇ
ਕਮਲ 'ਤੇ ਸਵਾਰ ਤਰਦੀ ਲੱਛਮੀ ਧਿਆ ਕੇ
ਰੇਤ 'ਤੇ ਹੀ ਧੇਲੀ-ਪੈਲੀ ਦੀ ਸ਼ਕਲ ਬਣਾ ਕੇ
ਜੋਸ਼ੀਲੀ ਠੋਕ੍ਹਰ ਮਾਰਦੇ ਰਹੇ
ਰੇਤ ਅੱਖਾਂ 'ਚ ਪੈਂਦੀ ਰਹੀ ਦਿਨ ਗੁਜ਼ਾਰਦੇ ਰਹੇ
ਖ਼ਾਲੀ ਬੋੜੇ ਭਾਂਡਿਆਂ ਦੀ ਟੀਂਡ ਲਾਉਂਦੇ ਰਹੇ
ਆਸਾਂ ਦੀ ਫੁਲਕਾਰੀ 'ਤੇ ਨਿੱਤ ਨਵਾਂ ਫੁੱਲ ਪਾਉਂਦੇ ਰਹੇ

ਯਕੀਨ ਦਾ ਮੋਰ ਨਾ ਮੁੱਕਿਆ ਨਾ ਮੁੱਕਣਾ ਸੀ
ਸਾਹਾਂ ਤਾਂ ਆਉਣਾ-ਜਾਣਾ ਸੀ
ਆਈ ਗਏ ਜਾਈ ਗਏ
ਉਹ ਗਲ਼ ਪਿਆ ਜ਼ਿੰਦਗੀ ਦਾ ਢੋਲ ਵਜਾਈ ਗਏ
ਕਿਸਮਤ ਦੀਆਂ ਸੰਧੂਰੀ ਅੰਬੀਆਂ
ਚੁਸਤ ਤੋਤੇ ਚੁੱਪ-ਚਾਪ ਟੁੱਕਦੇ ਰਹੇ
ਦਰਿਆਵਾਂ ਵਰਗੇ ਬਜ਼ੁਰਗ
ਸੁੱਕਦੇ ਰਹੇ ਮੁੱਕਦੇ ਰਹੇ

***

ਅਪਣੱਤ ਦਾ ਜਜ਼ਬਾ

ਕੌਣ ਕਹਿੰਦਾ ਹੈ
ਮੈਨੂੰ ਤੁਹਾਡੇ ਨਾਲ਼ ਅਪਣੱਤ ਨਹੀਂ ਹੈ
ਮੈਂ ਨੱਕ ਉੱਤੇ ਰੁਮਾਲ ਰੱਖ ਕੇ
ਤੁਹਾਡੇ ਮੁਹੱਲੇ ਪੈਰ ਪਾਉਂਦਾ ਹਾਂ
ਖ਼ਾਨਦਾਨੀ ਪਰੰਪਰਾ ਹੀ ਨਿਭਾਉਂਦਾ ਹਾਂ
ਉਂਝ ਮੈਨੂੰ ਏਧਰੋਂ ਸੜ੍ਹਿਆਨ ਨਹੀਂ ਆਉਂਦੀ
ਮੈਂ ਤਾਂ ਤੁਹਾਨੂੰ
ਹਰ ਇੱਲ-ਬਲ਼ਾ ਤੋਂ ਬਚਾਉਣ ਲਈ
ਆਪਣੇ ਘੜੇ ਦੀਆਂ
ਸੁਰੱਖਿਅਤ ਮੱਛੀਆਂ ਬਣਾਉਣ ਲਈ
ਬਣਦਾ ਫ਼ਰਜ਼ ਨਿਭਾਉਂਦਾ ਹਾਂ
ਭਾਵੇਂ ਕਦੇ-ਕਦਾਈਂ ਆਉਂਦਾ ਹਾਂ

ਦੇਖੋ
ਤੁਹਾਡੇ ਮੇਰੇ ਵਿਚ ਕੀ ਫ਼ਰਕ ਹੈ
ਮੈਂ ਤਾਂ ਹਰ ਵਾਰ
ਸਭ ਤੋਂ ਪਹਿਲਾਂ ਤੁਹਾਡੇ ਕੋਲ਼ ਹੀ ਆਉਂਦਾ ਹਾਂ
ਆਪਣੀ ਵੋਟ-ਪਰਚੀ ਫੜਾਉਂਦਾ ਹਾਂ
ਅਪਣੱਤ ਦੇ ਪਰਾਂ 'ਤੇ ਉਡਦਾ ਭੁੱਲ ਹੀ ਜਾਂਦਾ ਹਾਂ
ਪਰੰਪਰਾ ਦਾ ਖ਼ਿਆਲ ਰੱਖਣਾ
ਨੱਕ 'ਤੇ ਰੁਮਾਲ ਰੱਖਣਾ
ਮੇਰੇ ਮੱਥੇ ਕੋਈ ਪੈਂਦਾ ਵੱਟ ਨਹੀਂ
ਇਹ ਅਪਣੱਤ ਕੋਈ ਘੱਟ ਨਹੀਂ
ਇਹ ਵੱਖਰੀ ਗੱਲ ਹੈ
ਕਿ ਸਾਡੀ ਬਹਿਣੀ-ਉਠਣੀ ਇੱਕ ਨਹੀਂ

ਉਂਝ ਤੁਸੀਂ ਮੇਰੇ ਲਈ ਅਛੂਤ ਨਹੀਂ ਹੋ
ਸੱਚ ਮੰਨਿਓਂ
ਇਹ ਤਾਂ ਰੱਬ ਦੀ ਰਜ਼ਾ ਹੀ ਹੈ
ਕਿ ਤੁਸੀਂ ਝੁੱਗੀਆਂ ਵਿੱਚ
ਢੀਚਕੂੰ-ਢੀਚਕੂੰ ਕਰਦੇ ਜੀਵਨ-ਛਕੜੇ ਨੂੰ
ਛਾਲੇ-ਛਾਲੇ ਹੋਏ ਹੱਥਾਂ-ਪੈਰਾਂ ਨਾਲ਼ ਖਿੱਚ੍ਹਦੇ ਹੋ
ਫਿਰ ਮੇਰੀ ਅਪਣੱਤ ਦਾ ਜਜ਼ਬਾ ਦੇਖੋ
ਮੈਂ ਤੁਹਾਡੇ ਵਾਲ਼ੇ ਪਾਸੇ
ਆਪਣੇ ਮਹੱਲ ਦੇ ਵਿਰਾਟ ਮੱਥੇ ਉੱਤੇ
ਕੇਸਰੀ ਚਿੱਟੇ ਤੇ ਹਰੇ ਰੰਗ ਨਾਲ਼
'ਕੌਂਟੇਜ'ਲਿਖਵਾ ਦਿੱਤਾ ਹੈ
ਭੇਦ-ਭਾਵ ਦਾ ਕਜ਼ੀਆ ਮੁਕਾ ਦਿੱਤਾ ਹੈ

ਸਮਝੋ ਆਪਣਾ ਗਿਆਨ ਵਧਾਓ
ਜਿਵੇਂ 'ਡਵ'ਨੂੰ ਘੁੱਗੀ ਕਹਿੰਦੇ ਨੇ
ਉਵੇਂ 'ਕੌਂਟੇਜ' ਨੂੰ ਝੁੱਗੀ ਕਹਿੰਦੇ ਨੇ
ਮੇਰੀ ਵਿਰੋਧੀ ਧਿਰ ਜੋ ਮਰਜ਼ੀ ਕਹੇ
ਪਰ ਇਹ ਧੁਰ ਦਾ ਸਤਿ ਹੈ
ਮੈਨੂੰ ਤੁਹਾਡੇ ਨਾਲ਼ ਬੜੀ ਅਪਣੱਤ ਹੈ

***

ਹੱਥ ਮੈਲ਼ਾ ਹੋ ਜਾਏਗਾ

ਹਾਂ,ਇਹ ਉਹੀ ਹੈ
ਇਸ ਨੂੰ ਪਛਾਣਦਾ ਹਾਂ
ਖਰੀ ਤਰ੍ਹਾਂ ਜਾਣਦਾ ਹਾਂ
ਪਤਾ ਹੈ ਇਸ ਦਾ ਨਾਂ
ਏਸ ਗਿਰਗਿਟ ਦਾ ਗਰਾਂ
ਕਦੇ ਕਿਸੇ ਰੰਗ ਕਦੇ ਕਿਸੇ ਸੰਗ
ਕਦੇ ਏਸ ਥਾਂਹ ਕਦੇ ਓਸ ਥਾਂਹ

ਤਸੀਂ ਠੀਕ ਕਿਹਾ ਹੈ
ਜਦੋਂ ਇਹ ਸਾਡੇ ਕੱਚੇ ਘਰਾਂ ਵਾਲ਼ੇ
ਵਿਹੜੇ ਆਉਂਦਾ ਸੀ
ਮੈਂ ਸਤਿਕਾਰ ਵਜੋਂ
ਨੰਗੇ ਪੈਰੀਂ ਦੌੜ ਪਿਆ ਕਰਦਾ ਸਾਂ
ਇਸ ਦੇ ਇੱਕ ਇਸ਼ਾਰੇ 'ਤੇ
ਸਭ ਕੁੱਝ ਦਾਅ 'ਤੇ ਲਾ ਦਿਆ ਕਰਦਾ ਸਾਂ
ਇਹ ਉਦੋਂ ਲੋਕਾਂ ਨਾਲ਼ ਖੜ੍ਹਦਾ ਸੀ
ਇੱਕ-ਇੱਕ ਮਾਸੂਮ ਹੰਝੂ ਲਈ
ਸੌ-ਸੌ ਲੜਾਈ ਲੜਦਾ ਸੀ

ਹੁਣ ਇਹ ਮਾਸੂਮ ਹੰਝੂ ਨਾਲ਼
ਖੜ੍ਹਨ ਜੋਗਾ ਨਹੀਂ ਰਿਹਾ
ਲੜਨ ਜੋਗਾ ਨਹੀਂ ਰਿਹਾ
ਤਖ਼ਤ ਨਾਲ਼ ਘਿਓ ਖਿਚੜੀ ਹੋਇਆ
ਲੋਕਾਂ ਤੋਂ ਪਰੇ-ਪਰੇ ਰਹਿੰਦਾ ਹੈ
ਤਾਜ ਦੇ ਇਸ਼ਾਰੇ ਉੱਠਦਾ-ਬਹਿੰਦਾ ਹੈ

ਹੁਣ ਮੈਂ ਇਸ ਨੂੰ
ਜਾਣ ਕੇ ਕੀ ਲੈਣਾ ਹੈ
ਪਛਾਣ ਕੇ ਕੀ ਲੈਣਾ ਹੈ
ਇਸ ਨਾਲ਼ ਤੁਸੀਂ ਸੌ ਵਾਰੀ ਹੱਥ ਮਿਲਾਓ
ਮੇਰਾ ਪਰਛਾਵਾਂ ਵੀ
ਇਸ ਨੂੰ ਮੂੰਹ ਨਾ ਲਾਏਗਾ
ਇਸ ਨਾਲ਼ ਹੱਥ ਮਿਲ਼ਾ ਕੇ ਕੀ ਲੈਣਾ
ਮੇਰਾ ਹੱਥ ਮੈਲ਼ਾ ਹੋ ਜਾਏਗਾ

***

ਰਾਤ ਹਨ੍ਹੇਰੀ ਤਾਂ ਵਗੀ ਸੀ

ਰਾਤ ਹਨ੍ਹੇਰੀ ਵਗੀ ਸੀ
ਵਿਹੜੇ ਦੇ ਬੂਟੇ ਦੀਆਂ
ਮੋਟੀਆਂ-ਮੋਟੀਆਂ ਅੰਬੀਆਂ ਦੇ
ਫਿਕਰ ਦੀ ਪਿੰਜਣੀ ਵਿੱਚ
ਰੂੰ ਵਾਂਗ ਜਾਨ ਪਿੰਜ ਹੁੰਦੀ ਰਹੀ
ਪਤਾ ਨਹੀਂ ਕਦੋਂ ਅੱਖ ਲੱਗੀ
ਸੁਪਨੇ ਵਿੱਚ ਅੰਬੀਆਂ ਝੜ-ਝੜ ਪਰਾਲ਼ ਪੈ ਗਿਆ
ਫਰਸ਼ 'ਤੇ ਡਿਗ੍ਹੇ
ਕੱਚ ਦੇ ਗਲਾਸ ਵਾਂਗ ਨੀਂਦ ਟੁੱਟੀ
ਪਾਸੇ ਮਾਰਦਿਆਂ ਰਾਤ ਕੱਟੀ

ਤੜਕੇ ਉੱਠ ਕਮਰਿਓਂ ਬਾਹਰ ਆ
ਮੇਰੇ ਘਰ ਵਾਲ਼ੀ ਨੇ
ਪਹਿਲਾਂ ਬੂਟੇ ਹੇਠ ਤੱਕਿਆ
ਫੇਰ ਬੂਟੇ ਉੱਤੇ ਨਜ਼ਰ ਦਾ ਜਾਲ਼ ਪਾਇਆ
ਉਸ ਦਾ ਅੰਗ-ਅੰਗ ਮੁਸਕਰਾਇਆ
ਸੁੱਖ ਦਾ ਸਾਹ ਆਇਆ
ਉੱਚੇ ਘਰਾਂ ਦੀ ਓਟ ਨੇ
ਅੰਬੀਆਂ ਨੂੰ ਬਚਾਇਆ

ਗੇਟ ਖੋਲ੍ਹ ਗਲ਼ੀ 'ਚ ਨਿੱਕਲ਼ੀ ਬੁੱਢੀ ਗੁਆਂਢਣ ਨੇ
ਘਰ ਵਾਲ਼ੀ ਨੂੰ ਫਿਕਰ 'ਚ ਪੁੱਛਿਆ-
ਕੁੜੇ!
ਵਿਹੜੇ 'ਚ ਕੋਈ ਅੰਬੀ ਨਹੀਂ ਡਿਗ੍ਹੀ ?
ਗਲ਼ੀ ਵਿੱਚ ਤਾਂ ਮੈਨੂੰ ਕੋਈ ਦਿਸੀ ਨਹੀਂ
ਮੈਂ ਕਿਹਾ ਪੁੱਛ ਕੇ ਆਵਾਂ
ਅੱਜ ਚਟਣੀ ਬਣਾ ਕੇ ਰੋਟੀ ਖਾਵਾਂ
ਰਾਤ ਹਨ੍ਹੇਰੀ ਤਾਂ ਵਗੀ ਸੀ

***

ਕਾਰ ਨੰਬਰ 1699

ਤੂੰ ਸਿਰ-ਧੜ ਦੀ ਬਾਜ਼ੀ
ਹਾਂ,ਸਾਡੇ ਲਈ ਹੀ ਲਾਈ ਸੀ
ਅਸਾਡੇ ਲਈ ਹੀ
ਤੇਰੇ ਸਰਬੰਸ ਨੇ ਸ਼ਹਾਦਤ ਪਾਈ ਸੀ
ਤੇਰੀ ਅਪਾਰ ਕਿਰਪਾ
ਆਪਣੇ ਸਿਰ ਦੀ ਸਲੇਟ 'ਤੋਂ
ਮੈਂ ਕਦ ਮਿਟਾਈ ਹੈ
ਮੇਰਾ ਰੋਮ-ਰੋਮ ਤੇਰਾ ਕਰਜ਼ਾਈ ਹੈ

ਮੇਰੇ ਘਰ ਦਾ ਅੰਗ-ਅੰਗ
ਤੇਰੇ ਰੰਗ ਵਿੱਚ ਰੰਗਿਆ ਹੋਇਆ ਹੈ
ਹੱਥ ਵਿੱਚ ਤੀਰ ਫੜੀ
ਤੇਰਾ ਆਦਮ-ਕੱਦ ਫੋਟੋ
ਡਰਾਇੰਗ ਰੂਮ ਵਿੱਚ ਟੰਗਿਆ ਹੋਇਆ ਹੈ
ਘਰ ਦੇ ਵੱਡੇ ਗੇਟ 'ਤੇ
ਪੰਜ ਫੁੱਟੀ ਚਮਕਦੀ ਤਲਵਾਰ ਹੈ
ਛੱਤ 'ਤੇ ਸਜੀ ਪਾਣੀ ਦੀ ਟੈਂਕੀ 'ਤੇ
ਇੱਕ ਬਾਜ਼ ਤੇਜ਼ ਤਰਾਰ ਹੈ
ਚਹੁੰ ਥੰਮ੍ਹਾਂ ਤੇ ਟਿਕੀ ਪੱਕੀ ਛੱਤ 'ਤੇ
ਉੱਕਰੀ ਮੁਕਤਿਆਂ ਦੀ ਵਾਰ ਹੈ
ਤੇਰੀ ਹੀ ਜੈ ਜੈਕਾਰ ਹੈ
ਘਰ ਦੇ ਕੁੱਲ ਪੰਜ ਦਰਵਾਜ਼ੇ ਨੇ
ਦਸ ਤੰਦਰੇ ਚਾਲ਼ੀ ਪੱਲੇ ਨੇ
ਤੂੰ ਗ਼ਰੀਬ ਨਿਵਾਜੇ ਨੇ
ਸਾਹਮਣਲੀ ਕੰਧ 'ਤੇ ਬਾਜ਼ਾਂ ਦੀ ਡਾਰ ਹੈ
ਪਿੱਛੇ ਚਿੜੀਆਂ ਦੀ ਲਲਕਾਰ ਹੈ

ਮੇਰੇ ਗਲ਼ ’ਚ ਤੇਰਾ ਗੋਲ਼ ਨਿਸ਼ਾਨ ਹੈ
ਖੱਬੇ ਡੌਲ਼ੇ ਦੀ ਘੁੱਗੀ ’ਤੇ
ਤੀਰਾਂ ਦਾ ਭਰਿਆ ਤਰਕਸ਼ ਹੈ
ਸੱਜੀ ਘੁੱਗੀ ’ਤੇ ਕਮਾਨ ਹੈ
ਜਿਸਮਾਨੀ ਸ਼ਾਹੀ ਸ਼ਾਨ ਹੈ
ਸਭ ਤੇਰਾ ਹੀ ਵਰਦਾਨ ਹੈ

ਮੇਰੇ ਬਾਹਰ ਤੂੰ ਹੀ ਤੂੰ ਏਂ
ਅੰਦਰ ਮੈਂ ਹੀ ਮੈਂ ਹਾਂ
ਤੇਰੇ ਦਰਸਾਏ ਰਸਤੇ ਤੋਂ
ਮੇਰਾ ਅੰਦਰ ਬੜਾ ਡਰਦਾ ਏ
ਵਾਹਿਗੁਰੂ-ਵਾਹਿਗੁਰੂ ਕਰਦਾ ਏ

ਇੱਕ ਹੋਰ ਇੱਛਾ ਸੀ
ਤੇਰੀ ਦਇਆ ਨਾਲ਼
ਉਹ ਵੀ ਪੂਰੀ ਹੋ ਗਈ ਹੈ
ਬੱਚਿਆਂ ਦੀ ਪਸੰਦ ਦੀ ਕਾਰ ਲੈ ਲਈ ਹੈ
ਰਜਿਸਟ੍ਰੇਸ਼ਨ ਫੀਸ ਤੋਂ ਇਲਾਵਾ
ਤਲ਼ੀ ’ਤੇ 1708 ਰੁਪਏ ਰੱਖ ਕੇ
ਕਾਰ ਨੰਬਰ 1699 ਮਨਜ਼ੂਰ ਕਰਵਾ ਲਿਆ ਹੈ
ਕੇਸਰੀ ਅੰਕਾਂ ਵਿੱਚ ਚਮਕਾ ਲਿਆ ਹੈ
ਪਿਛਲੇ ਸ਼ੀਸ਼ੇ ’ਤੇ ‘ਫਤਿਹ’ ਦਾ
ਸਟਿੱਕਰ ਚਿਪਕਾ ਲਿਆ ਹੈ
ਉਂਝ ਮੈਂ ਪੱਗ ਵੀ ਨਹੀਂ ਬੰਨ੍ਹਦਾ
ਪਰ ‘ਸਿੰਘ ਇਜ਼ ਕਿੰਗ’ ਲਿਖਵਾ ਲਿਆ ਹੈ

ਤੇਰੇ ਰੰਗ ਵਿੱਚ ਰੰਗਿਆ
ਦੂਰੋਂ ਦਿਸ ਪੈਂਦਾ ਹੈ ਮੇਰਾ ਘਰ
ਸਾਂਭੀ ਬੈਠਾ ਤੇਰੀ ਕਹਾਣੀ ਦੇ ਨਿਸ਼ਾਨ
ਇਤਿਹਾਸਿਕ ਮੋੜ ਦਿਖਾਉਂਦੀ ਮੇਰੀ ਕਾਰ ਹੈ
ਤੇਰੀ ਬਖ਼ਸ਼ੀ ਬਹਾਰ ਹੀ ਬਹਾਰ ਹੈ

ਹੋਰਨਾਂ ਵਾਂਗ ਤੇਰਾ ਹਰ ਭੇਦ ਜਾਣਦਾ ਹਾਂ
ਤੇਰੇ ਪੈਰ-ਚਿੰਨ੍ਹ ਪਛਾਣਦਾ ਹਾਂ
ਤੇਰੇ ਚਿੰਨਾਂ ’ਤੇ ਪੈਰ ਟਿਕਾਉਂਦਾ ਨਹੀਂ ਹਾਂ
ਉਂਝ ਤੇਰੇ ਦਰ ’ਤੇ ਹਰ ਵਰ੍ਹੇ
ਛੁੱਟੀਆਂ ’ਚ ਟੂਰ ਲਗਾ ਆਉਂਦਾ ਹਾਂ
ਆਪਣੇ ਪੱਖ ਵਿੱਚ ਅਰਦਾਸ ਕਰਾ ਆਉਂਦਾ ਹਾਂ
ਨੱਕ ਰਗੜ-ਰਗੜ ਕੇ ਹਰ ਵਾਰ
ਪਿਛਲੀਆਂ ਭੁੱਲਾਂ ਬਖ਼ਸ਼ਾ ਆਉਂਦਾ ਹਾਂ

***

ਸੈਰ 'ਤੇ ਜਾ ਰਿਹਾ ਹਾਂ

ਅੱਜ ਹੈ ਤੇਰੀ ਸ਼ਹਾਦਤ ਦਾ ਦਿਹਾੜਾ
ਅੱਜ ਦੀ ਛੁੱਟੀ ਹੁਸੀਨ
ਖ਼ੂਬ ਹੈ ਮੌਸਮ ਰੰਗੀਨ

ਬਾਦਸ਼ਾਹੀ ਦੀ ਅੱਗ ਦੇ ਘੇਰੇ 'ਚ ਆਈ
ਝੁਲ਼ਸਦੀ ਖ਼ਲਕਤ ਬਚਾਵਣ ਵਾਸਤੇ
ਘਰਦਿਆਂ ਨੂੰ ਜਾਗਦੇ ਹੀ ਰਹਿਣ ਲਈ ਆਖ ਕੇ
ਹਾਕਮੀ ਤਲਵਾਰ ਦੀ ਨੋਕ 'ਤੇ
ਸੀਸ ਆਪਣੇ ਨੂੰ ਟਿਕਾਵਣ ਵਾਸਤੇ
ਸੀਸ ਸਦੀਆਂ ਦੇ ਬਚਾਵਣ ਵਾਸਤੇ
ਤਖ਼ਤ ਸਾਹਵੇਂ ਤਣ ਗਿਆਂ ਸੀ ਤੂੰ
ਸੱਚਾ ਪਾਤਸ਼ਾਹ ਬਣ ਗਿਆਂ ਸੀ ਤੂੰ

ਅੱਜ ਤੇਰੇ ਨਾਮ ਦੀ ਛੁੱਟੀ ਹੋਈ ਹੈ
ਜਾ ਰਿਹਾ ਹਾਂ ਕਾਰ ਵਿੱਚ
ਫੈਮਲੀ ਸਾਰੀ ਨੂੰ ਆਪਣੇ ਨਾਲ਼ ਲੈ ਕੇ
ਪਹਾੜੀ ਸੈਰ ਕਰਵਾਉਣੇ ਵਾਸਤੇ
ਮੌਸਮੀ ਜਲਵਾ ਦਿਖਾਉਣੇ ਵਾਸਤੇ

ਕਿੱਥੇ ਗਿਆ ਸੈਂ ਤੂੰ
ਅੱਤ ਦੀ ਤਲਵਾਰ ਨਾਲ਼ ਦੋ ਥਾਈਂ ਹੋਣ ਪਿੱਛੋਂ
ਕਿਹੜੇ ਚੌਂਕ ਵਿੱਚ ਪਿਆ ਸੈਂ ਤੂੰ
ਓਸ ਥਾਂ ਬਾਰੇ
ਤੇਰੇ ਨਾਂ ਬਾਰੇ
ਮੇਰੇ ਬੱਚੇ ਕੁੱਝ ਵੀ ਨਾ ਜਾਣਦੇ
ਤੇਰਾ ਚਿੱਤਰ ਵੀ ਨਾ ਪਹਿਚਾਣਦੇ
ਟੀ. ਵੀ. 'ਤੇ ਪਾਰਦਰਸ਼ੀ ਨਾਚ ਦੇਖਦੇ
ਲੈਪ ਟੌਪ ਵੀ ਮਾਣਦੇ
ਮੁਬਾਇਲ ਦੇ ਸਾਗਰ ਵਿੱਚ ਲਾਉਂਦੇ ਤਾਰੀਆਂ
ਹੋਰ ਵੀ ਨੇ ਡਾਢੀਆਂ ਹੁਸ਼ਿਆਰੀਆਂ

ਉਤਲੀ ਕਮਾਈ ਨਾਲ਼ ਸਰ ਰਿਹਾ ਹੈ
ਰਾਸ ਆਪਣੀ ਕਦੇ ਗੁਆਈ ਨਹੀਂ
ਤਨਖਾਹ ਕਦੇ ਕਢਾਈ ਨਹੀਂ
ਮੈਂ ਤੈਥੋਂ ਕੁੱਝ ਨਹੀਂ ਮੰਗਦਾ
ਮਨ ਛੁੱਟੀ ਉਡੀਕਦਾ ਰਹਿੰਦਾ ਸਦਾ
ਅਰਦਾਸ ਵੇਲੇ ਵੀ
ਛੁੱਟੀ-ਛੁੱਟੀ ਕਹਿੰਦਾ ਸਦਾ

ਤੇਰੇ ਰਾਹ ਮੈਂ ਆਪ ਹੀ ਜਾਂਦਾ ਨਹੀਂ
ਓਸ ਰਾਹ 'ਤੇ ਮੌਤ ਦੇ
ਕਈ ਚੌਂਕ ਪੈਂਦੇ ਨੇ
ਓਸ ਨੂੰ ਲੋਕ ਕੁਰਾਹੀਆਂ ਦਾ ਰਾਹ ਕਹਿੰਦੇ ਨੇ
ਮੈਂ ਸਮੇਂ ਦੇ ਉਲ਼ਟੇ ਚੱਕ ਨੂੰ
ਉਲ਼ਟ ਗੇੜਾ ਦੇਣ ਦੇ ਰੌਂ ਵਿੱਚ ਨਹੀਂ
ਸੁੱਖੀ-ਸਾਂਦੀ ਮੈਂ ਤਾਂ
ਵਕਤ ਲੰਘਾ ਰਿਹਾ ਹਾਂ
ਤੇਰੇ ਦਿਹਾੜੇ ਦੀ ਛੁੱਟੀ
ਫੈਮਲੀ ਨਾਲ਼ ਮਨਾ ਰਿਹਾ ਹਾਂ
ਸੈਰ 'ਤੇ ਜਾ ਰਿਹਾ ਹਾਂ

***

ਧਾਰਮਿਕ

ਦੂਰੋਂ ਲਿਸ਼ਕੇ ਘਰ
ਟੇਢੀ ਧੌਣ ਕਰ-ਕਰ ਤੱਕਦੇ ਹੀ ਰਹਿ ਜਾਣ
ਤੱਕਣ ਵਾਲ਼ਾ ਨੈਣਾਂ ਦੇ ਬੂਹੇ ਸਕੇ ਨਾ ਢੋ
ਪਰ ਦਿਲ ਮੇਰਾ ਪੈਂਦਾ ਰੋ

ਡਰਇੰਗ ਰੂਮ ਵਿੱਚ ਵੜਾਂ ਜਦੋਂ ਵੀ
ਸਾਹਮਣਲੀ ਕੰਧ ਉੱਤੋਂ ਝੜਦਾ ਪੇਂਟ
ਹਿੱਕ ਪਾੜਦਾ ਵਾਂਗ ਛੁਰੀ ਦੇ
ਕੀਤੇ ਲੱਖ ਉਪਰਾਲੇ ਟਿਕਦਾ ਪੇਂਟ ਨਾ
ਅੰਦਰੋਂ ਝਾਤੀਆਂ ਸੀਮਿੰਟ ਮਾਰੇ
ਫੰਗਸ ਹੋਈ ਕਹਿੰਦੇ ਕੰਧ ਨੂੰ
ਨਿੰਮੋਝੂਣੀ ਸ਼ਾਨ ਹੋਈ ਘਰ ਦੀ
ਸੁੜ-ਸੁੜ ਮੇਰੀ ਜਿੰਦੜੀ ਮਰਦੀ

ਕੀ ਕਰਾਂ ਮੈਂ ਕਿੰਝ ਬਚਾ ਮੈਂ
ਕਿੱਦਾਂ ਘਰ ਦੀ ਅੰਦਰੋਂ ਵੀ ਟੌਰ੍ਹ ਬਣਾਵਾਂ
ਕੰਧ ਦੇ ਭੱਦੇ ਡੱਬ ਨੂੰ ਕਿਵੇਂ ਲੁਕਾਵਾਂ

ਫੁਰਨਾ ਫੁਰਿਆ ਇੱਕ ਦਿਨ ਮੈਨੂੰ
ਦੌੜਾ ਪੁੱਜਾ ਵਿੱਚ ਬਜ਼ਾਰ ਮੈਂ
ਵੱਡੀਆਂ-ਵੱਡੀਆਂ ਸ਼ੀਸ਼ੇ ਦੇ ਵਿੱਚ ਮੜ੍ਹੀਆਂ ਹੋਈਆਂ
ਸੋਨੇ ਰੰਗੇ ਫਰੇਮ ਵਾਲ਼ੀਆਂ
ਲਈਆਂ ਮੁੱਲ ਫੋਟੋਆਂ ਦੋ
ਮੇਜ਼ ਦੇ ਉੱਤੇ ਪੱਬਾਂ ਭਾਰ ਖੜੋ
ਕਿੱਲਾਂ ਗੱਡ ਕੇ ਫੋਟੋਆਂ ਟੰਗੀਆਂ
ਲਿਆ ਮੈਂ ਡੱਬ ਲੁਕੋ
ਆਇਆ ਗਿਆ ਵੇਖ ਫੋਟੋਆਂ ਸਮਝੇ
ਹੁਣ ਮੈਂ ਧਾਰਮਿਕ ਗਿਆ ਹਾਂ ਹੋ
ਬਈ ਮੈਂ ਧਾਰਮਿਕ ਗਿਆ ਹਾਂ ਹੋ

***

ਸੰਮੀ ਸਾਉਣੀ ਤੇ ਮਾਹੀ

ਇੱਕ ਦਿਨ ਸੰਮੀ ਰੋਕ ਬਜਾਜੀ ਵਾਲ਼ਾ
ਵਿਹੜੇ ਵਿੱਚ ਲਹਾਈ ਡੱਗੀ
ਵਿਹੜੇ ਦੀ ਨੁੱਕਰ ਵਿੱਚ ਫੱਬਦੀ
ਫੁੱਲਾਂ ਨਾਲ਼ ਲੱਦੀਓ ਸਾਉਣੀ ਵਰਗੇ
ਸੋਹਣੇ ਸੂਟ 'ਤੇ ਹੱਥ ਟਿਕਾਇਆ
ਬੈਠੀ ਹੋਈ ਨੂੰ ਅਜਬ ਹੁਲ੍ਹਾਰਾ ਆਇਆ
ਮੁੱਲ ਕਰਨ ਵਿੱਚ ਚਿਰ ਨਾ ਲਾਇਆ
ਝੱਟ ਸੰਦੂਕ 'ਚ ਸੂਟ ਲੁਕਾਇਆ
ਮਨ ਵਿੱਚ ਪਾਲ਼ ਸ਼ਰਾਰਤ ਮਿੱਠੀ
ਮਾਹੀ ਕੋਲੋਂ ਰੱਖ ਕੇ ਉਹਲਾ
ਇੱਕ ਦਿਹਾੜੇ ਸੂਟ ਸਮਾਇਆ
ਪੂਰੀ ਨਿੱਖਰ ਹੁੱਬ ਕੇ ਪਾਇਆ
ਸੰਮੀ ਹੋਈ ਸਾਉਣੀ ਦੇ ਰੰਗ ਦੀ
ਹਰੀ ਗੁਲਾਬੀ ਹਰੀ ਗੁਲਾਬੀ
ਲੋਕ ਬੋਲੀਆਂ ਪਾਏ ਪੰਜਾਬੀ
ਸੂਰਜ ਦੇ ਡੁੱਬ ਜਾਵਣ ਵੇਲੇ
ਮਾਹੀ ਦੇ ਘਰ ਆਵਣ ਵੇਲੇ
ਦਿਲ ਦੀ ਤਾਰ ਹਿਲਾਵਣ ਵੇਲੇ
ਸਾਉਣੀ ਦੇ ਫੁੱਲ ਪੱਤੇ ਸਾਰੇ
ਸੰਮੀ ਦੀ ਗੱਲ ਜਾਣ ਗਏ ਸਨ
ਦਿਲ ਦੀ ਲਹਿਰ ਪਛਾਣ ਗਏ ਸਨ
ਹਰੀ ਗੁਲਾਬੀ ਸਾਉਣੀ ਦੇ ਵਿੱਚ
ਸੰਮੀ ਮੌਕਾ ਤਾੜ ਖੜੋ ਗਈ
ਫੁੱਲਾਂ ਪੱਤਿਆਂ ਵਿੱਚ ਟਹਿਕਦੀ
ਸੰਮੀ ਸਾਉਣੀ-ਸਾਉਣੀ ਹੋ ਗਈ

ਵਿਹੜੇ ਮਾਹੀ ਪੈਰ ਜਾਂ ਪਾਇਆ
ਪਹਿਲਾਂ ਵਾਂਗਰ ਵਿਹੜੇ ਦੇ ਵਿੱਚ
ਚੰਨ ਓਸ ਨੂੰ ਨਜ਼ਰ ਨਾ ਆਇਆ
ਹੌਲ਼ੀ ਜਿਹੀ ਉਸ 'ਵਾਜ਼ ਲਗਾਈ
ਝੱਲੀ ਹੋਈ ਨੇ ਹਾਸਾ ਡੱਕਿਆ
ਸੀਟੀ ਕੋਇਲ ਵਾਂਗ ਵਜਾਈ
ਜਾਣ ਗਿਆ ਮਾਹੀ ਗੱਲ ਸਾਰੀ
ਲੰਬੀ ਛਾਲ਼ ਓਸ ਨੇ ਮਾਰੀ
ਜੰਗ ਮੁਹੱਬਤੀ ਲੜਨ ਲਈ ਦੌੜਾ
ਸਾਉਣੀ ਦੇ ਵਿੱਚ ਸਾਉਣੀ ਹੋਈ
ਸੰਮੀ ਆਪਣੀ ਫੜਨ ਲਈ ਦੌੜਾ
ਸੰਮੀ ਦਾ ਕੁੱਝ ਹੱਥ ਨਾ ਆਇਆ
ਸਾਉਣੀ ਦੀਆਂ ਟਹਿਣਾਂ ਨੂੰ ਉਸ ਨੇ
ਨਾਲ਼ ਭੁਲੇਖੇ ਜੱਫਾ ਪਾਇਆ

ਸੰਮੀ ਦੌੜ ਕੇ ਅੰਦਰ ਵੜ ਗਈ
ਵਾਂਗ ਸੂਫ਼ੀਆਂ ਮਸਤੀ ਚੜ੍ਹ ਗਈ
ਬੂਹਾ ਢੋ ਕੇ ਮਾਹੀ ਤਾਂਈਂ
ਖੋਲ੍ਹ ਹਕੀਕਤ ਦੱਸਣ ਲੱਗੀ
ਅੰਦਰ-ਬਾਹਰ ਖਿੜੀਓ ਸਾਉਣੀ
ਦੋਹਰੀ ਹੋ- ਹੋ ਹੱਸਣ ਲੱਗੀ

***

ਬੈਂਕ ਵਿੱਚ ਕੰਮ ਕਰਦੀ ਕੁੜੀ

ਬੈਂਕ ਦੇ ਕੈਬਨ ਵਿੱਚ ਬੈਠੀ ਕੁੜੀ
ਡਰਾਫਟ ਬਣਾ ਰਹੀ ਹੈ
ਨਗਦੀ ਫੜਾ ਰਹੀ ਹੈ
ਕੰਮ ਨਿਪਟਾ ਰਹੀ ਹੈ
ਇਹ ਬੈਂਕ ਵਿੱਚ ਜਦੋਂ
ਨਵੀਂ-ਨਵੀਂ ਆਈ ਸੀ
ਇਸ ਦੇ ਮੋਢੇ ਆਮ ਕੁੜੀਆਂ ਨਾਲ਼ੋਂ
ਦੋ ਕੁ ਪੋਟੇ ਉੱਚੇ ਸਨ
ਧੌਣ ਚੱਪਾ ਕੁ ਲੰਬੀ ਸੀ
ਸੰਜਮੀ ਟਿਕਾਓ ਦੀ ਮੂਰਤ
ਕੀ ਬੋਰਡ ਉੱਤੇ ਉਂਗਲ਼ਾਂ ਵਜਦ ਵਿੱਚ ਨਚਾਉਂਦੀ
ਆਪਣੀ ਚੁਸਤ ਕੁਰਸੀ ਉੱਤੇ
ਪੱਧਰੇ ਨੁੱਕਰ ਵਿੱਚ ਬੈਠੀ
ਤਾਜ਼ੇ ਫੁੱਲ ਵਾਂਗ ਅਨੂਪ ਸੀ
ਜੇਤੂ ਝੰਡੇ ਦਾ ਰੂਪ ਸੀ

ਇਹ ਕੁੜੀ ਹੁਣ ਕੋਈ ਨਵੀਂ ਨਹੀਂ ਹੈ
ਇਸ ਦਾ ਕਾਉਂਟਰ ਨੁੱਕਰ ਵਿੱਚ ਨਹੀਂ
ਬੈਂਕ ਦੇ ਮੱਧ ਵਿੱਚ
ਕੈਬਨ ਦੇ ਸੁਰੱਖਿਅਤ ਪਿੰਜਰੇ ਵਿੱਚ ਹੈ
ਪਹਿਲਾਂ ਵਾਂਗ ਹੀ
ਸ਼ਾਹੀ ਉਕਾਬ ਵਰਗੀ ਚੁਸਤੀ ਨਾਲ਼ ਕੰਮ ਨਿਪਟਾਉਂਦੀ
ਬਿਨਾਂ ਨੀਝ ਲਾ ਝਾਕਿਆਂ
ਕੌਣ ਆਇਆ ਕੌਣ ਗਿਆ
ਕੌਣ ਉਸ ਵੱਲ੍ਹ ਕਿੱਦਾਂ ਵੇਖਦਾ
ਕੰਮ ਦਾ ਜ਼ੋਰ ਹੈ
ਬਾਹਰੋਂ ਖਾਮੋਸ਼ ਉਹ
ਜਾਪਦੈ ਅੰਦਰ ਸ਼ੋਰ ਹੈ

ਮੈਂ ਟਾਵਾਂ-ਟਾਵਾਂ ਵੇਖਦਾ ਹਾਂ
ਪਹਿਲਾਂ ਨਾਲ਼ੋ ਹੁਣ ਏਨਾ ਹੀ ਫਰਕ ਹੈ
ਕਿ ਇਹ ਵਿੱਚ-ਵਿੱਚ ਅੱਖਾਂ ਜ਼ੋਰ ਨਾਲ਼ ਝਮਕਦੀ
ਕਿਸੇ-ਕਿਸੇ ਵੇਲੇ ਅੱਖਾਂ ਮਲ਼ਦੀ
ਸਿਰ ਪਿਛਾਂ ਵੱਲ੍ਹ ਮੋੜਦੀ
ਪਿੱਛਲੇ ਪਾਸਿਓਂ ਧੌਣ ਪੋਲਾ-ਪੋਲਾ ਘੁੱਟਦੀ

ਮੈਂ ਖੜ੍ਹਾ-ਖੜ੍ਹਾ ਉਡ ਜਾਂਦਾ ਹਾਂ ਘਰ
ਖੜੋ ਜਾਂਦੀ ਹੈ ਘਰ ਵਾਲ਼ੀ
ਨੱਕ 'ਤੇ ਨੇੜੇ ਦੀ ਐਨਕ ਟਿਕਾਈ
ਧੌਣ 'ਤੇ ਕਾਲਰ ਲਗਾਈ
ਦਰਦ ਤੇ ਚੱਕਰਾਂ ਤੋਂ ਘਬਰਾਈ
ਨੀਵੀਂ ਪਾ ਟਿਕਟਿਕੀ ਲਗਾ ਡਿਊਟੀ ਕਰਦੀ
ਕੀ ਤੋਂ ਕੀ ਹੋ ਗਈ
ਹੱਸਦੀ-ਖੇਡਦੀ ਜ਼ਿੰਦਗੀ ਰੋ ਪਈ

ਸੰਭਲ਼ ਕੇ ਵੇਖਦਾ ਹਾਂ ਕੈਬਨ ਵਿੱਚ
ਕੰਮ ਵਿੱਚ ਲੀਨ ਕੁੜੀ
ਮੈਂ ਡਰ 'ਚ ਡੁੱਬ ਜਾਂਦਾ ਹਾਂ
ਕਿ ਇਸ ਦੇ ਧੌਣ ਦੇ ਮਣਕਿਆਂ ਦਾ ਜੋੜ
ਲੜਖੜਾ ਨਾ ਜਾਏ
ਮਣਕਿਆਂ ਵਿੱਚ ਵਾਲ਼ ਜਿੰਨੀ ਵੀ
ਟੇਢ ਆ ਨਾ ਜਾਏ
ਲੰਬੀ ਧੌਣ ਨੂੰ ਸਰਵਾਈਕਲ ਖਾ ਨਾ ਜਾਏ

ਮੈਨੂੰ ਪਤਾ ਹੈ
ਨੌਕਰੀ ਬੋਝ ਕਿਵੇਂ ਬਣਦੀ ਹੈ
ਜ਼ਿੰਦਗੀ ਦਾ ਫੁੱਲ ਕਿਵੇਂ ਧੁਖਦਾ ਹੈ
ਰੋਜ਼ੀ-ਰੋਟੀ ਨਾਲ਼ ਤਕਲੀਫ ਕਿਵੇਂ ਜੁੜਦੀ ਹੈ
ਮੈਂ ਚਾਹੁੰਦਾ ਹਾਂ
ਇਹ ਤੰਦਰੁਸਤੀ ਦਾ ਕੋਈ ਨੁਕਤਾ ਅਪਣਾ ਲਏ
ਚਾਈਂ-ਚਾਈਂ ਆਪਣਾ ਕੰਮ ਨਿਪਟਾਉਂਦਿਆਂ
ਅੱਖਾਂ ਦੀ ਲੋਅ, ਲੰਬੀ ਧੌਣ ਬਚਾ ਲਏ

***

ਪੈਰ ਮੇਰੇ ਹੋ ਤੁਰੇ

ਵੱਸਦੀ-ਰਸਦੀ ਦੁਨੀਆਂ ਨੂੰ
ਫ਼ਾਨੀ ਕਹਿਣ ਵਾਲ਼ਾ ਮੇਰਾ ਬਾਪ
ਖ਼ੁਦ ਫਨਾਹ ਹੋ ਕੇ ਤੁਰਨ ਤੱਕ
ਇੱਕੋ ਫਿਕਰ ਵਿੱਚ ਰਿਹਾ
ਏਹੋ ਫਿਕਰ ਵਿੱਚ ਗਿਆ
ਕਿ ਉਸ ਜੰਗਲ ਦਾ ਕੀ ਹੋਏਗਾ
ਜਿਸ ਨੂੰ ਸ਼ੈਤਾਨ ਅੱਖ ਨੇ ਜਲ਼ਾਇਆ ਸੀ
ਪੱਥਰ ਹੇਠ ਛੁਪੀ ਪੱਤੀ ਦਾ ਵੀ
ਨਾਂ-ਨਿਸ਼ਾਨ ਮਿਟਾਇਆ ਸੀ

ਮੈਂ ਚਿੰਤਾ ਦੀ
ਉੱਬਲ਼ਦੀ ਝੀਲ ਵਿੱਚ ਡੁੱਬੇ ਨੇ
ਪੂਰੇ ਹੋਏ ਬਾਪ ਦੀਆਂ ਖਿੱਚ-ਧੂਹ ਕੇ
ਰਸਮਾਂ ਪੂਰੀਆਂ ਕੀਤੀਆਂ
ਦੌੜ ਪਿਆਂ ਜਲ਼ੇ ਜੰਗਲ ਦੀ
ਰਾਖ ਦੇ ਗਲ਼ ਲੱਗਣ ਲਈ
ਜਿਸ ਦੀ ਕਥਾ ਸੁਣਾਉਂਦਾ
ਬਾਪ ਰੋ ਪੈਂਦਾ ਸੀ
ਪੰਛੀਆਂ ਸਮੇਤ ਲਾਟਾਂ ਬਣੇ ਆਲ੍ਹਣੇ
ਯਾਦ ਕਰ-ਕਰ ਢਹਿੰਦਾ ਸੀ
ਸੁੱਤਾ ਹੋਇਆ ਅੱਧੀ-ਅੱਧੀ ਰਾਤੀਂ
ਉੱਠ-ਉੱਠ ਕੇ ਬਹਿੰਦਾ ਸੀ

ਜਦ ਮੈਂ ਹਫ਼ਿਆ-ਹਫ਼ਿਆ ਪਹੁੰਚਿਆ
ਨਜ਼ਾਰਾ ਹੋਰ ਹੀ ਵੇਖਿਆ
ਹੁਲਾਰਾ ਹੋਰ ਹੀ ਵੇਖਿਆ
ਰਾਖ ਓਥੇ ਕਿੱਥੇ ਸੀ
ਮੇਰੇ ਸਿਰੋਂ ਉੱਚਾ ਜੰਗਲ ਸੀ
ਗੂੰਜਦੀਆਂ ਹੇਕਾਂ ਲਾਂਵਦਾ
ਹਰ ਪਾਸੇ ਜੋੜਾ-ਜੋੜਾ ਪੰਛੀਆਂ ਦਾ
ਆਲ੍ਹਣਾ ਬਣਾਂਵਦਾ

ਮੈਂ ਚਾਈਂ-ਚਾਈਂ ਹੜ੍ਹ ਵਾਂਗ ਪਰਤਿਆ
ਸਿਵਿਆਂ 'ਚ ਵੇਖਿਆ
ਢੇਰੀ ਮੇਰੇ ਬਾਪ ਦੀ
ਉਸੇ ਤਰ੍ਹਾਂ ਪਈ ਸੀ ਉਦਾਸ
ਮੈਂ ਮੁਸਕਰਾਉਣਾ ਚਾਹਿਆ
ਉਸ ਨੂੰ ਬੁਲਾਉਣਾ ਚਾਹਿਆ
ਉਸ ਨੂੰ ਉਠਾਉਣਾ ਚਾਹਿਆ
ਆਪਣੇ ਆਪ 'ਚੋਂ ਤੱਕਿਆ ਬਾਪ ਨੂੰ
ਆਪ ਹੀ ਢੇਰੀ ਦੇ ਚਰਨਾਂ'ਚ
ਹੰਝੂ ਦੋ ਕਿਰ ਗਏ
ਉਡੀਕਦੇ ਘਰ ਵਲ੍ਹ ਪੈਰ ਮੇਰੇ
ਰੋਂਦੇ-ਹੱਸਦੇ ਹੋ ਤੁਰੇ

***

ਰੇਸ਼ਮੀ ਜਾਲ਼

ਓ ਮੇਰੇ ਸਿਰ 'ਚ ਮਸਤੇ ਕਵੀ
ਧਰਤ ਦੇ ਕੋਨੇ-ਕੋਨੇ ਪਸਰੇ
ਧੁੰਦ-ਕੋਰੇ ਨੂੰ ਟੋਹ-ਟੋਹ ਕੇ
ਦੀਪਕ ਰਾਗ 'ਚ ਚਲ ਰਹੇ
ਹਨ੍ਹੇਰ ਦੇ ਸਾਜ਼ਿਸ਼ੀ ਸ਼ਬਦਾਂ ਨੂੰ ਸਮਝ
ਤਖ਼ਤਾਂ ਦੇ ਰੇਸ਼ਮੀ ਜਾਲ਼ 'ਚ ਉਲ਼ਝੇ
ਰੁੱਖ ਤਿਤਲੀ ਤੇ ਬੱਚਾ
ਛਟਪਟਾਉਂਦੇ ਵੇਖ ਤੂੰ
ਅੱਥਰੂ ਵਹਾਉਂਦੇ ਵੇਖ ਤੂੰ

ਛੱਡ ਪਰੇ ਅਕਾਸ਼ ਦੀ ਉਚਾਈ ਤੂੰ
ਛੱਡ ਪਰੇ ਪਤਾਲ਼ ਦੀ ਗਹਿਰਾਈ ਤੂੰ
ਧਰਤ ਦੇ ਤਲ 'ਤੇ ਨਿਗ੍ਹਾ ਹੀ ਮਾਰ ਤੂੰ
ਸੁਣ ਜ਼ਰਾ ਏਸ ਦੀ ਚੀਕ-ਪੁਕਾਰ ਤੂੰ

ਰੁੱਖ ਨੂੰ ਲਹਿਰਾਉਣ ਲਈ
ਤਿਤਲੀ ਨੂੰ ਉਡਾਰੀ ਲਾਉਣ ਲਈ
ਬੱਚੇ ਨੂੰ ਮੁਸਕਰਾਉਣ ਲਈ
ਨਜ਼ਮ ਦੇ ਐਸੀ ਕਮਾਲ
ਤੋੜ ਦਏ ਜੋ ਰੇਸ਼ਮੀ ਜਾਲ਼

***

ਤੰਗ ਮੁਹੱਲੇ ਦੇ ਲੋਕ

ਇਹ ਓਹੀ ਤੰਗ ਮੁਹੱਲਾ ਹੈ
ਜਿਸ ਦੀਆਂ ਭੀੜੀਆਂ ਗਲ਼ੀਆਂ ਵਿੱਚ
ਮੈਂ ਤੁਰਨਾ ਸਿੱਖਿਆ
ਆਪਣੇ ਭਾਰ ਖੜੋਣਾ ਸਿੱਖਿਆ
ਡਾਂਗ ਵਾਂਗਰਾਂ ਸਿੱਧਾ ਹੋ ਕੇ
ਆਪਣੇ ਕੱਦ ਬਰੋਬਰ ਹੋਣਾ ਸਿੱਖਿਆ

ਆਪਣੇ ਕੱਦ ਬਰੋਬਰ ਹੋ ਕੇ
ਆਪਣੇ ਬੋਝੇ ਰੋਕੜ ਟੋਹੀ
ਬੈਂਕ ਵਾਲ਼ਿਆਂ ਨੇ ਹਾਂ ਕੀਤੀ
ਖੁੱਲ੍ਹੀ-ਡੁੱਲ੍ਹੀ ਨਵੀਂ ਕਲੋਨੀ ਕੋਠੀ ਪਾ
ਜੋ ਮੁਹੱਲਾ ਛੱਡ ਗਿਆ ਸਾਂ
ਇਹ ਉਹੀ ਤੰਗ ਮੁਹੱਲਾ ਹੈ

ਇਸ ਮੁਹੱਲੇ ਤੰਗ ਜਿਹੇ ਘਰ ਦੀ
ਬੇਟੀ ਦਾ ਹੈ ਅੱਜ ਵਿਆਹ
ਮੇਨੂੰ ਵੀ ਹੈ ਗੋਡੇ-ਗੋਡੇ ਚਾਅ

ਲੰਬੀ ਸੋਚ ਕੇ ਤੰਗ ਘਰਾਂ ਨੇ
ਵਿਆਹ ਦੇ ਪੰਡਾਲ ਲਈ
ਦਿੱਤੀਆਂ ਦੀਵਾਰਾਂ ਢਾਹ
ਮਹਿਮਾਨਾਂ ਦੇ ਰਸਤੇ ਵਿੱਚ
ਸਾਂਝੀਆਂ ਅੱਖਾਂ ਲਈਆਂ ਵਿਛਾ
ਵਿਆਹ ਹੋ ਗਿਆ ਡੋਲ਼ੀ ਤੁਰ ਗਈ
ਮੈਂ ਆਪਣੀ ਕੋਠੀ ਵਲ੍ਹ ਆਵਾਂ
ਉਦਾਸੀ ਦੀ ਮਘਦੀ ਬਰਸਾਤ 'ਚ
ਪਿਆ ਉਬਾਲ਼ੇ ਖਾਵਾਂ

ਸੋਚ ਰਿਹਾ ਹਾਂ
ਤੰਗ ਮੁਹੱਲਾ ਖੁੱਲ੍ਹੇ-ਡੁੱਲ੍ਹੇ ਲੋਕ
ਕੀ ਮੇਰੀ ਕਲੋਨੀ ਦੇ
ਵੱਖ-ਵੱਖ ਦਿਸ਼ਾਵਾਂ ਵਿੱਚੋਂ ਆ ਵਸੇ
ਉੱਚੇ-ਉੱਚੇ ਸਿਰ ਲੋੜ ਪੈਣ 'ਤੇ
ਇੰਝ ਕਰ ਸਕਣਗੇ ?
ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਵੇਖ
ਮੇਰੇ ਪੈਰਾਂ ਹੇਠ
ਆਪਣੇ ਹੱਥ ਧਰ ਸਕਣਗੇ ?
ਕੁੱਝ ਕਰ ਸਕਣਗੇ ?

ਤੁਰਿਆ-ਤੁਰਿਆ ਘੜੀ-ਮੁੜੀ
ਸਿਰ ਭੁਆਂ-ਭੁਆਂ ਵੇਖਾਂ
ਤੰਗ ਮੁਹੱਲਾ ਖੁੱਲ੍ਹੇ-ਡੁੱਲ੍ਹੇ ਲੋਕ
ਮੈਂ ਕੋਠੀ ਵਲ੍ਹ ਆ ਰਿਹਾ ਹਾਂ
ਮੁਸਕਰਾ ਰਿਹਾ ਹਾਂ
ਘਬਰਾ ਰਿਹਾ ਹਾਂ

***

ਅਜੇ ਤਾਂ ਇਸ ਨੇ

ਅਜੇ ਤਾਂ ਇਸ ਨੇ ਰਿੜ੍ਹਨਾ ਹੀ ਸਿੱਖਿਆ ਹੈ
ਅਜੇ ਇਸ ਨੂੰ ਪਤਾ ਹੀ ਕੀ ਹੈ
ਦੁਨੀਆਂ ਦੀ ਹਵਾ ਨੂੰ ਇਹ ਕੀ ਜਾਣਦੀ ਹੈ
ਅਜੇ ਤਾਂ ਇਹ ਘਰਦਿਆਂ ਦੇ
ਮਸਾਂ ਨੈਣ- ਨਕਸ਼ ਹੀ ਪਛਾਣਦੀ ਹੈ

ਘਰ ਆਏ ਮਹਿਮਾਨ ਨੂੰ ਬਾਪ ਇਸ ਦਾ
ਜਦ ਚਾਹੇ ਕੋਈ ਰੰਗ ਵਿਖਾਉਣਾ
ਕੋਈ ਵੱਖਰਾ ਢੰਗ ਵਿਖਾਉਣਾ
ਉਹ ਆਪਣੇ ਮੁਬਾਇਲ ਦਾ ਬਟਨ ਦਬਾਉਂਦਾ ਹੈ
ਨਿੱਕਲ਼ਦੀ ਹੈ ਆਵਾਜ਼ ਬੱਚੇ ਦੇ ਰੋਣ ਦੀ
ਬੱਚੀ ਤ੍ਰਬਕਦੀ ਹੈਰਾਨ ਹੋਣ ਲੱਗਦੀ ਹੈ
ਖ਼ੁਦ ਆਪ ਵੀ ਰੋਣ ਲੱਗਦੀ ਹੈ

ਜਦੋਂ ਇਹ ਰਿੜ੍ਹਦੀ-ਰਿੜ੍ਹਦੀ
ਭਾਰ ਸੰਭਾਲ਼ਦੀ ਸਿੱਧੀ ਹੋ ਕੇ
ਡਿਓਢੀ ਦੇ ਅੰਦਰ-ਬਾਹਰ ਪੈਰ ਟਿਕਾਏਗੀ
ਦੁਨੀਆਂਦਾਰੀ ਦੇ ਖਰੇ-ਖੋਟੇ ਸਿੱਕੇ
ਆਪ ਹੀ ਚਲਾਉਣੇ ਸਿੱਖ ਜਾਏਗੀ
ਫਿਰ ਕੀ ਪਤਾ ਕਿਸੇ ਦਾ ਸੱਚਾ ਰੋਣ
ਇਸ ਦੇ ਸਿਰ ਤੀਕ ਜਾਏਗਾ ?
ਕਿਸੇ ਦਾ ਰੋਣ ਸੁਣ ਇਸ ਨੂੰ ਰੋਣ ਆਏਗਾ ?
ਅਜੇ ਤਾਂ ਇਸ ਨੇ ਰਿੜ੍ਹਨਾ ਹੀ ਸਿੱਖਿਆ ਹੈ

***

ਤੁਰਦਿਆਂ-ਤੁਰਦਿਆਂ

ਅੱਖਾਂ ਉਘਾੜ ਕੇ ਤੁਰਦਿਆਂ-ਤੁਰਦਿਆਂ
ਜ਼ਿੰਦਗੀ ਦੀ ਕਿਤਾਬ ਫ਼ੈਲਦੀ ਹੈ
ਬੌਣਾ ਬੰਦਾ ਸਿਰ ਕੱਢ ਖੜੋ ਸਕਦਾ ਹੈ
ਲੰਮਿਆਂ ਤੋਂ ਬੜਾ ਉੱਚਾ ਹੋ ਸਕਦਾ ਹੈ

ਤੁਰਦਿਆਂ ਲੱਤਾਂ ਵਿਗਸਦੀਆਂ
ਪੈਰ ਮਜ਼ਬੂਤ ਹੁੰਦੇ ਨੇ
ਸਾਹ ਪੱਕਦਾ ਹੈ
ਹੋਰ ਅੰਗ ਵੀ ਸੂਤ ਹੁੰਦੇ ਨੇ
ਤੁਰਦਾ ਬੰਦਾ ਹੀ ਆਪਣੇ ਸਿਰ
ਡਿਗ੍ਹ ਰਹੇ ਪਹਾੜ ਥੰਮ੍ਹਦਾ ਹੈ
ਬੰਦਾ ਤੁਰਦੇ ਰਹਿਣ ਲਈ ਹੀ ਜੰਮਦਾ ਹੈ
ਤੁਰਦਿਆਂ ਹੀ ਸਿਰ ਰਾਹਾਂ ਰੁਸ਼ਨਾਉਂਦਾ ਹੈ
ਹਨ੍ਹੇਰੇ ਜੰਗਲ ਵਿੱਚ ਨੂਰੀ ਡੰਡੀਆਂ ਪਾਉਂਦਾ ਹੈ

ਪਰ ਸਾਡੇ ਪੈਰੀਂ ਤਾਂ
ਗਰਭ ਜੂਨ ਵਿੱਚ ਹੀ
ਬੇੜੀਆਂ ਪੈ ਜਾਂਦੀਆਂ ਨੇ
ਤੁਰਨਾ ਤਾਂ ਦੂਰ ਰਿਹਾ
ਪੈਰ ਪੁੱਟਣਾ ਵੀ ਭੁੱਲ ਜਾਂਦਾ ਹੈ
ਆਪਣੇ ਜਨਮ ਦੇ
ਚੰਨ ਦਾ ਦੀਵਾ ਹੀ ਹੋ ਗੁੱਲ ਜਾਂਦਾ ਹੈ

ਮੈਂ ਬੇੜੀਆਂ ਨੂੰ ਸਾਜ਼ ਬਣਾਵਾਂਗਾ
ਧੁਰ ਅੰਦਰਲੀ ਹੇਕ ਲਾਵਾਂਗਾ
ਧੋਖੇਬਾਜ਼ ਮਸਤੇ ਮਹੱਲਾਂ ਦੀ
ਇੱਟ ਨਾਲ਼ ਇੱਟ ਖੜਕਾਵਾਂਗਾ
ਜੰਜਾਲ਼ ਬਣ ਗਏ
ਤਾਣੇ-ਬਾਣੇ ਦੀ ਛੱਤ ਉਡਾਵਾਂਗਾ
ਤੁਰਦਿਆਂ-ਤੁਰਦਿਆ ਸੁੰਦਰ ਕਿਤਾਬ ਬਣਾਂਗਾ
ਤੁਹਾਡੇ ਹਰ ਪ੍ਰਸ਼ਨ ਦਾ ਜਵਾਬ ਬਣਾਂਗਾ

***

ਉਦਾਸ ਭੂਮੀ

ਕੌਣ ਨਹੀਂ ਚਾਹੁੰਦਾ
ਇੱਕ ਤੋਂ ਦੋ, ਦੋ ਤੋਂ ਚਾਰ ਹੋਣਾ
ਆਪਣਾ-ਆਪਣਾ ਪਰਿਵਾਰ ਹੋਣਾ
ਇੰਝ ਸੂਰਜ ਚੜ੍ਹਦਾ ਸੂਰਜ ਢਲ਼ਦਾ
ਚਾਵਾਂ ਭਰਿਆ ਚੁੱਲ੍ਹਾ ਬਲ਼ਦਾ
ਤੁਸੀਂ ਵਧੋ ਫੁੱਲੋ
ਕੌਣ ਰੋਕਦਾ ਹੈ
ਕੌਣ ਟੋਕਦਾ ਹੈ

ਜਦ ਆਪਣੀ-ਆਪਣੀ ਫੂੰ-ਫਾਂ
ਦੋ ਧਾਰੀ ਤਲਵਾਰ ਬਣਦੀ
ਖ਼ੂਨ ਪਾਣੀ-ਪਾਣੀ ਕਰਦੀ
ਉੱਤੋਂ-ਉੱਤੋਂ ਹਉਕੇ ਭਰਦੀ
ਵਿਹੜੇ ਦੀ ਹਿੱਕ ਉੱਤੇ
ਉੱਬਲ਼ਦੀ ਦੀਵਾਰ ਬਣਦੀ
ਮਾਰੂ ਹਥਿਆਰ ਬਣਦੀ
ਚੁੱਲ੍ਹਾ ਤਿੜਕੇ
ਟੁੱਟ ਕੇ ਇੱਕ ਤੋਂ ਦੋ ਹੋਵਣ
ਘਰ ਦੀਆਂ ਇੱਟਾਂ ਆਪੋ ਵਿੱਚ ਖਹਿੰਦੀਆਂ
ਬੱਲੀਆਂ ਸ਼ਤੀਰੀਆਂ ਥੰਮ੍ਹੀਆਂ ਛਿੱਥੀਆਂ ਪੈਂਦੀਆਂ
ਅਕਲ ਦਾ ਸੂਰਜ ਡੁੱਬੇ
ਅੰਦਰ ਬਾਹਰ ਹਨ੍ਹੇਰ ਪਸਰੇ
ਕੋਈ ਕਿਰਨ ਨਾ ਜਾਗੇ
ਆਲ਼ਿਆਂ ਵਿੱਚ ਪਏ
ਦੀਵਿਆਂ ਦੀਆਂ ਬੱਤੀਆਂ ਰੋਣ
ਪੁਰਖਿਆਂ ਦੀਆਂ
ਹੱਸਦੇ ਵਿਹੜੇ ਨੂੰ ਤਰਸਦੀਆਂ ਅੱਖਾਂ
ਕਬਰਾਂ ਵਿੱਚ ਸਿੱਲ੍ਹੀਆਂ ਹੋਣ

ਤੁਹਾਨੂੰ ਕਿਹੜਾ ਨਹੀਂ ਪਤਾ ਹੈ
ਹਰ ਚੱਕੀ ਦਾ ਆਟਾ ਪਕਾਉਂਦੇ ਹੋ
ਤਜਰਬੇਕਾਰ ਕਹਾਉਂਦੇ ਹੋ
ਡੂੰਘੀਆਂ ਰਮਜ਼ਾਂ ਜਾਣਦੇ ਹੋਏ ਵੀ
ਹਰ ਰਾਹ ਪਛਾਣਦੇ ਹੋਏ ਵੀ
ਤੁਸੀਂ ਵਿਹੜੇ ਮੋਰਚੇ ਕੱਢ ਲਏ ਨੇ
ਕੀ-ਕੀ ਕਹਾਣੀਆਂ ਬਣਾ ਲਈਆਂ ਨੇ
ਕੰਡਿਆਲ਼ੀਆਂ ਬਾੜਾਂ ਸਜ਼ਾ ਲਈਆਂ ਨੇ
ਤੁਸੀਂ ਚਾਈਂ-ਚਾਈਂ ਤਣੇ ਹੋ
ਵਡਾਰੂਆਂ ਦੇ ਧੁਖ-ਧੁਖ ਮਰ-ਮੁੱਕ ਜਾਣ ਪਿੱਛੋ
ਕਿੰਝ ਸ਼ੇਰ ਪੁੱਤ ਬਣੇ ਹੋ
ਤਿੱਖੇ ਦੰਦਾਂ ਵਾਲ਼ੇ ਗੀਤ ਗਾਉਂਦੇ ਹੋ
ਇੱਕ ਦੂਸਰੇ ਦੇ ਤੁੰਬੇ ਉਡਾਉਂਦੇ ਹੋ
ਤੁਸੀਂ ਕਾਹਦੇ ਸੁਜਾਖੇ ਹੋ
ਤੁਹਾਨੂੰ ਦਿਸ ਹੀ ਨਹੀਂ ਰਿਹਾ
ਦਾਦੇ-ਪੜਦਾਦੇ ਦੇ ਹੱਥੀਂ ਲਾਏ
ਵਿਹੜੇ ਦੇ ਤੂਤ ਦੀ ਸੰਘਣੀ ਛਾਂ ਵਿੱਚ
ਮਘੋਰੇ ਹੀ ਮਘੋਰੇ ਹੋ ਗਏ ਨੇ
ਤੁਸੀਂ ਆਪਣੀਆਂ ਹਿੱਕਾਂ ਨੂੰ ਇੱਕਸੁਰ ਕਰੋ
ਤੁਹਾਡੇ ਸ਼ਬਦਾਂ ਦੀ ਛਾਂ ਨੂੰ ਆਲਮ ਤਰਸੇਗਾ
ਲੋੜ ਅਨੁਸਾਰ ਬੱਦਲ਼ ਵੀ ਵਰਸੇਗਾ

ਸਾਂਝੇ ਵਿਹੜੇ ਦੇ ਵਾਰਸੋ
ਕੀ ਕਹਾਂ ਕਿਸ ਨੂੰ ਕਹਾਂ
ਕੜਕਦੀ ਧੁੱਪ 'ਚ ਕਿੱਥੇ ਆ ਬਹਾਂ
ਘਰ ਹੁਣ ਘਰ ਨਹੀਂ
ਮੋਰਚਿਆਂ ਦੀ ਉਦਾਸ ਭੂਮੀ ਹੈ
ਉਂਝ ਬੜੀ ਖ਼ਾਸ ਭੂਮੀ ਹੈ

***

ਆਪਣੇ ਬਾਗੀਂ

ਕੰਬਦੀ ਘੁੱਗੀ ਨੇ ਸੋਚਿਆ
ਜਿਊਣ ਲਈ
ਕਿਤੋਂ ਬਾਜ਼ ਦਾ ਚਿਹਰਾ ਮਿਲ਼ ਜਾਏ
ਉਸ ਨੂੰ ਆਪਣੇ ਚਿਹਰੇ 'ਤੇ ਚਿਪਕਾਏ
ਚਿੱਤ ਘਬਰਾਏ
ਉਸ ਦੀ ਪੇਸ਼ ਨਾ ਜਾਏ
ਹਾਏ !
ਆਪਣੇ ਬਾਗ਼ੀਂ ਇਹ ਕਿਹੜੇ ਦਿਨ ਆਏ

***

ਕਾਲ਼ੇ ਦਿਨਾਂ 'ਚ

ਜਦੋਂ ਧਰਤੀ
ਸੂਰਜ ਦੀ ਪਰਿਕਰਮਾ ਕਰਦੀ-ਕਰਦੀ
ਆਪਣੀ ਧੁਰੀ ਦੁਆਲ਼ੇ ਘੁੰਮਦੀ-ਘੁੰਮਦੀ
ਧੀਆਂ-ਪੁੱਤ ਸਮਝ ਕੇ ਰਿਸ਼ਮਾਂ ਚੁੰਮਦੀ -ਚੁੰਮਦੀ
ਚੱਕਰ ਦੇ ਵਿੱਚ ਪੈ ਜਾਂਦੀ ਹੈ
ਹੰਝੂ ਕੇਰਨ ਜੋਗੀ ਰਹਿ ਜਾਂਦੀ ਹੈ
ਇਸ ਦੇ ਕਿਸੇ ਅਭਾਗੇ ਵਿਹੜੇ
ਗਰਦਿਸ਼ ਸੰਘਣੀ ਛਾ ਜਾਂਦੀ ਹੈ
ਲੰਬੀ-ਚੌੜੀ ਧਾੜਵੀਆਂ ਦੀ ਟੁਕੜੀ
ਭਾਰੀ-ਭਰਕਮ ਪੈਰ ਟਿਕਾਂਦੀ ਹੈ
ਵਿਹੜੇ ਦੇ ਚੰਨ ਤਾਰਿਆਂ ਧੁੱਪ ਦੀ
ਸ਼ਾਮਤ ਹੀ ਬਸ ਆ ਜਾਂਦੀ ਹੈ
ਅਕਸਰ ਹਰ ਮਾਂ ਘਬਰਾ ਜਾਂਦੀ ਹੈ
ਹਰ ਮਾਂ ਆਪਣੇ ਬੱਚਿਆਂ ਤਾਂਈਂ
ਹਿੱਕ ਨਾਲ਼ ਲਗਾ ਕੇ ਸਮਝਾਂਦੀ ਹੈ-
ਹੁਣ ਸਾਡੇ ਦਿਨ ਕਾਲ਼ੇ ਆਏ
ਬੂਹਿਓਂ ਬਾਹਰ ਪੈਰ ਨਾ ਪਾਣਾ
ਔਖਾ ਹੁੰਦਾ ਘਰ ਮੁੜ ਆਣਾ
ਅੰਦਰ ਖੂੰਜੇ ਲੱਗਿਆਂ ਵੀ
ਡਗਾ ਮੌਤ ਦਾ ਨੇੜੇ ਸੁਣਦਾ
ਕਾਲ਼ੇ ਦਿਨਾਂ 'ਚ ਹਿੱਕਾਂ ਛਲਣੀ ਗ਼ਰਦਿਸ਼
ਅਣਖੀ ਬੂਹੇ ਉਖਾੜ ਕੇ ਸੁੱਟੇ
ਸੁੰਗੜੇ ਸਹਿਮੇ ਬੂਹਿਆਂ ਤਾਂਈਂ ਵੀ
ਠੁੱਡ ਮਾਰ ਕੇ ਅੱਗੇ ਲੰਘੇ

ਕਾਲ਼ੇ ਦਿਨਾਂ 'ਚ ਕੁੱਝ ਸ਼ਾਇਰ ਤਾਂ
ਕੁੱਬੇ ਹੋ-ਹੋ ਆਪਣੀ ਹਿੱਕ ਬਚਾਉਂਦੇ
ਆਪਣੀਆਂ ਕਵਿਤਾਵਾਂ ਦੇ ਵਿੱਚ
ਧਾੜਵੀਆਂ ਦੀਆਂ ਵਾਰਾਂ ਗਾਉਂਦੇ

ਨੀਵੇਂ ਹੋ-ਹੋ ਝੋਲ਼ੀਆਂ ਪਏ ਭਰਾਉਂਦੇ
ਮੋਮ ਵਾਂਗਰਾਂ ਢਲ਼ ਜਾਂਦੇ
ਵਾਂਗ ਵਿਭੀਸ਼ਨ ਬਲ਼ਦੀ ਲੰਕਾ ਛੱਡ ਕੇ
ਜਾ ਟੁਕੜੀ ਵਿੱਚ ਰਲ਼ ਜਾਂਦੇ
ਆਪਣੇ ਧਰਮ ਦੀ ਬਾਜ਼ੀ ਹਰ ਜਾਂਦੇ
ਸ਼ਰਮਿੰਦਗੀ ਦੇ ਧੂੰਏਂ ਵਿੱਚ ਹੀ ਮਰ ਜਾਂਦੇ
ਬੌਣੇ ਹੋ ਕੇ ਟੁਰ ਜਾਂਦੇ
ਲੋਕ- ਚੇਤਿਆਂ ਦੇ ਸਾਗਰ ਵਿੱਚ
ਵਾਂਗ ਜਹਾਜ਼ਾਂ ਕਦੇ ਨਾ ਤਰਦੇ
ਕੌਮ ਉਨ੍ਹਾਂ ਦੀ ਆਪਣੇ ਨਾਂ ਨਾਲ਼ੋਂ
ਉਨ੍ਹਾਂ ਦੇ ਨਾਮ ਮਿਟਾਉਂਦੀ
ਆਪਣੇ ਦਿਨ-ਤਿਉਹਾਰਾਂ ਉੱਤੇ
ਉਨ੍ਹਾਂ ਦੇ ਨਾਂ ਦਾ
ਕਦੇ ਨਾ ਦੀਪ ਜਗਾਉਂਦੀ

ਕਾਲ਼ੇ ਦਿਨਾਂ 'ਚ ਕੁੱਝ ਸ਼ਾਇਰ
ਮਾਂਵਾਂ ਕੋਲ਼ੋਂ ਲੈ ਅਸੀਸਾਂ
ਮਾਂ-ਬੋਲੀ ਦੇ ਮੋਤੀ ਚੁਣ-ਚੁਣ ਕਲਮ ਚਲਾਉਂਦੇ
ਸ਼ਾਇਰਾਂ ਵਾਲ਼ਾ ਧੁਰ ਅੰਦਰ ਦਾ ਧਰਮ ਨਿਭਾਉਂਦੇ
ਟੁਕੜੀ ਦੇ ਮਾਰੂ ਹਥਿਆਰਾਂ ਅੱਗੇ
ਹਿੱਕ ਤਾਣ ਕੇ ਖੜ੍ਹਦੇ
ਕਵਿਤਾਵਾਂ ਨੂੰ ਤੀਰ ਬਣਾ ਕੇ ਅੜਦੇ
ਪਿਛਾਂਹ ਨਾ ਹਟਦੇ ਰਹਿੰਦੇ ਨਾ ਊਣੇ
ਰਣ ਵਿੱਚ ਪੂਰੇ ਹੋ ਜਾਂਦੇ
ਯੁੱਧ ਨਾ ਮੁੱਕਦਾ ਫੇਰ ਵੀ
ਉਨ੍ਹਾਂ ਪਿੱਛੋਂ ਉਨ੍ਹਾਂ ਦੀਆਂ
ਕਵਿਤਾਵਾਂ ਪੀੜ੍ਹੀਆਂ ਪੜ੍ਹਦੀਆਂ
ਜੁਗਾਂ-ਜੁਗਾਂ ਤੱਕ ਲੜਦੀਆਂ

ਕਵਿਤਾਵਾਂ ਦਾ ਬੰਨ੍ਹ ਕੇ ਗਾਨਾ
ਖੜ੍ਹਨ ਵਾਲ਼ੇ ਸ਼ਾਇਰ
ਹਿੱਕਾਂ ਡਾਹ ਕੇ ਲੜਨ ਵਾਲ਼ੇ ਸ਼ਾਇਰ
ਆਪਣੀ ਉਮਰ ਦਾ ਪਾਣੀ

ਛੋਟੀ ਖੇਤੀ ਨੂੰ ਲਾ ਜਾਂਦੇ
ਜਿਊਂਦੇ ਰਹਿਣਾ ਸਮਝਾ ਜਾਂਦੇ
ਉਹ ਲੋਕ ਕਹਾਣੀ ਬਣ ਕੇ ਜਿਊਂਦੇ
ਸਦੀਆਂ ਦੇ ਸਿਰ ਪਲੋਸਦੇ ਪੁਰਖੇ ਅਖਵਾਂਦੇ
ਕਾਲ਼ੇ ਦਿਨਾਂ 'ਚ
ਚੰਨ ਸੂਰਜ ਤਾਰੇ ਬਣ ਜਾਂਦੇ
***

ਭੀੜੀ ਗਲ੍ਹੀ

ਮਾਰ ਚੌਂਕੜਾ ਧਰਮੀ ਭੇਸ ਬਣਾਈ
ਥੜ੍ਹੇ 'ਤੇ ਭਾਰੀ-ਭਰਕਮ ਦੇਹ ਟਿਕਾਈ
ਚਿਮਟੇ ਛੈਣੇ ਪਾਉਣ ਦੁਹਾਈ
ਢੋਲਕੀਆਂ ਦੀ ਸ਼ਾਮਤ ਆਈ
ਨੱਚ-ਨੱਚ ਰੋ-ਰੋ ਹੱਸ-ਹੱਸ ਟੱਪ-ਟੱਪ
ਬਾਬੇ ਨੇ ਭੀੜੀ ਗਲ੍ਹੀ ਦੀ ਕਥਾ ਸੁਣਾਈ
ਲੈ ਕੇ ਯਮਾਂ ਜਿੱਥੋਂ ਦੀ ਜਾਣਾ
ਉਹ ਬੜੀ ਭੀੜੀ ਗਲ੍ਹੀ ਹੈ ਭਾਈ
ਨਾਮ ਜਪੋ ਤਿਆਗੋ ਮਾਇਆ ਦਾਨ ਕਰੋ
ਏਹੋ ਹੋਏਗਾ ਅੰਤ ਸਹਾਈ
ਸੰਗਤ ਨੇ ਕਰ ਜੇਬ੍ਹਾਂ ਖ਼ਾਲੀ
ਚਰਨੀਂ ਮਾਇਆ ਢੇਰੀ ਲਾਈ
ਬਾਬਾ ਖਿਸਕਿਆ ਬੈਗ 'ਚ ਪਾਈ

ਬਾਬੇ ਨੇ ਜੋ ਕਥਾ ਸੁਣਾਈ
ਕਥਾ ਸੁਣਾ ਕੇ ਲੁੱਟ ਮਚਾਈ
ਉਹ ਭੀੜੀ ਗਲ੍ਹੀ ਕਿਸੇ ਨੂੰ ਵੀ
ਕਿਧਰੇ ਵੀ ਨਾ ਦਏ ਦਿਖਾਈ
ਨਾ ਹੀ ਕਿਸੇ ਨੇ ਅਗਲੇ ਜੱਗੋਂ
ਆ ਕੇ ਕਥਾ ਸੁਣਾਈ
ਪਰ ਮੈਨੂੰ ਬਚਪਨ ਦੀ ਗੱਲ ਚੇਤੇ ਆਈ
ਆਪਣੇ ਸ਼ਹਿਰ ਦੀ ਭੀੜੀ ਗਲ੍ਹੀ 'ਚ
ਫਸ ਗਿਆ ਸੀ ਇੱਕ ਸਾਨ੍ਹ ਵਿਚਾਰਾ
ਜਿਉਂ-ਜਿਉਂ ਅੱਗੇ-ਅੱਗੇ ਜ਼ੋਰ ਲਗਾਵੇ
ਤਿਉਂ-ਤਿਉਂ ਗਊ ਦਾ ਜਾਇਆ ਫਸਦਾ ਜਾਵੇ
ਹਰ ਕਿਸੇ ਨੂੰ ਤਰਸ ਪਿਆ ਆਵੇ
ਭਲਿਆਂ ਲੋਕਾਂ ਰੱਸਾ ਪਾਇਆ
'ਕੱਠੇ ਹੋ ਕੇ ਜ਼ੋਰ ਲਗਾਇਆ
ਸਭ ਨੇ ਪਿੱਛੇ ਧੂਹ ਕੇ ਉਸ ਨੂੰ
ਉੱਚੀ ਜੇਤੂ ਨਾਅਰਾ ਲਾਇਆ
ਖਿੱਚ-ਧੂਹ ਵਿੱਚ

ਨਿੱਕੀ ਜਿਹੀ ਪਹਾੜੀ ਵਾਂਗਰ ਸਾਨ੍ਹ ਡਿਗ੍ਹ ਪਿਆ
ਮੁੜ ਨਾ ਉੱਠਿਆ ਬੜਾ ਉਠਾਇਆ
ਉਸ ਨੂੰ ਕੋਈ ਵੀ ਸਾਹ ਨਾ ਆਇਆ
ਕਥਾਕਾਰ ਬਾਬੇ ਨੇ ਮੈਨੂੰ
ਭੁਲੀ ਵਿੱਸਰੀ ਯਾਦ ਦੇ ਵਿਹੜੇ ਵਿੱਚ ਪਹੁੰਚਾਇਆ

ਮੈਂ ਸੁਲ਼ਝੇ ਸ਼ਬਦਾਂ ਦਾ ਹਾਣੀ
ਕਥਾਕਾਰ ਨੂੰ ਜਾਣ ਗਿਆ ਹਾਂ
ਉਸ ਦੀ ਚਾਲ ਪਛਾਣ ਗਿਆ ਹਾਂ
ਭੀੜੀ ਗਲ਼ੀ ਨਾ ਵਿੱਚ ਅਕਾਸ਼ਾਂ
ਨਾ ਇਹ ਟੱਕਰੇ ਵਿੱਚ ਪਤਾਲ਼ਾਂ
ਨਾ ਇਹ ਅਗਲੇ -ਪਿਛਲੇ ਜਨਮੀਂ
ਨਿਗਲਣ ਪੈਂਦੀ ਵਾਂਗ ਸਰਾਲ਼ਾਂ
ਨਾ ਹੀ ਇਸ 'ਤੇ ਯਮਾਂ ਦਾ ਪਹਿਰਾ
ਨਾ ਉਹ ਖੜਦੇ ਰੂਹ ਘਰੀਸੀ
ਗਲ਼ੀ ਦਾ ਰੌਲ਼ਾ ਏਥੇ ਹੀ ਹੈ
ਡਾਢਿਆਂ ਦੀ ਇਹ ਡਾਢੀ ਚਾਲ
ਸ਼ਰਧਾ ਦੇ ਸਿਰ ਭਰਮ-ਜਾਲ਼
ਸੰਗਤ ਨੂੰ ਕੀ ਰਾਹੇ ਪਾਇਆ
ਚੱਕਰਵਿਊ ਦੇ ਵਿੱਚ ਫਸਾਇਆ
ਮੰਡੀ ਦੀ ਇੱਕ ਚੀਜ਼ ਬਣਾਇਆ

ਕਿਸੇ ਵਾਸਤੇ ਗਲ਼ੀ ਬਥੇਰੀ ਖੁੱਲ਼ੀ-ਡੁੱਲ਼ੀ
ਮਟਕ ਹੁਲਾਰੇ ਨਾਲ਼ ਤੁਰੇ ਉਹ
ਕਿਸੇ ਵਾਸਤੇ ਗਲ਼ੀ ਹੈ ਭੀੜੀ
ਜਿਊਦਿਆਂ ਜਾਵੇ ਜਿੰਦ ਨਿਪੀੜੀ
ਭੀੜੀ ਗਲ਼ੀ 'ਚ ਤਿਲਕਣ-ਤਿਲਕਣ
ਪੈਰ ਟਿਕਾਉਣਾ ਮੁਸ਼ਕਿਲ-ਮੁਸ਼ਕਿਲ
ਕਿੱਦਾਂ ਇਸ ਨੂੰ ਤੋੜ ਖਿੰਡਾਈਏ
ਏਸ ਜਨਮ ਤਾਂ ਜਿੰਦ ਬਚਾਈਏ
ਭਰਮ-ਜਾਲ਼ ਨੂੰ ਤੀਲ਼ੀ ਲਾਈਏ
ਹਾਏ! ਏਥੇ ਮਾਤ-ਲੋਕ ਵਿੱਚ
ਭੀੜੀ ਗਲ਼ੀਓਂ ਲੰਘਣਾ ਮੁਸ਼ਕਿਲ
ਡਾਢਿਆਂ ਤਾਂਈਂ ਡੰਗਣਾ ਮੁਸ਼ਕਿਲ
***

ਗੁਲੇਲੀ, ਮੈਂ ਤੇ ਸ਼ਾਇਰ

ਮੇਰੇ ਵਿਹੜੇ ਆਈ ਗੁਲੇਲੀ
ਬਹਿ ਕੇ ਲੱਗੀ ਪਾਉਣ ਪਹੇਲੀ
ਅੱਜ ਨਾ ਵੇਚਾਂ ਮੈਂ ਕੰਧੂਈਆਂ
ਚੁੱਭਣ ਮੇਰੇ ਮੇਰੀਆਂ ਸੂਈਆਂ
ਬੋਝਲ ਪੱਥਰ ਚਰਮਖਾਂ ਹੋਈਆਂ
ਸਮਝ ਆਉਣ ਨਾ ਗੱਲਾਂ ਛੋਹੀਆਂ
ਕਿਹਾ ਮੈਂ ਉਸ ਨੂੰ ਬਹਿ ਤਾਂ ਸਈ
ਗੱਲ ਤੂੰ ਸਿੱਧੀ ਕਹਿ ਤਾਂ ਸਈ
ਚਾਹ ਪੀ ਲੈ ਘੁੱਟ ਪਾਣੀ ਪੀ
ਦੱਸ ਤਾਂ ਸਈ ਤੂੰ ਗੱਲ ਹੈ ਕੀ
ਗੁੱਸੇ ਵਿੱਚ ਅੰਗਿਆਰ ਉਹ ਹੋਈ
ਸਮਝਿਆ ਮੈਂ ਗੱਲ ਖ਼ਾਸ ਹੈ ਕੋਈ

ਅਦਬ ਨਾਲ਼ ਮੈਂ ਕਿਹਾ ਓਸ ਨੂੰ
ਭੈਣੇ ਰੱਖ ਹੌਸਲਾ ਕੁੱਝ ਤੂੰ
ਠਿੱਬੀ ਜੁੱਤੀ ਲਾਹ ਕੇ ਧਰ ਲੈ
ਗੰਢਿਆ ਝੋਲ਼ਾ ਰੁਕ ਸਿਰ ਕਰ ਲੈ
ਛਿੱਜੇ ਹੋਏ ਨੇ ਕੱਪੜੇ ਤੇਰੇ
ਨੇਤਰ ਵੇਖ ਨਾ ਸਕਦੇ ਮੇਰੇ
ਓਢ ਲੈ ਮੇਰੀ ਚਿੱਟੀ ਲੋਈ
ਮੰਜੇ 'ਤੇ ਬਹਿ ਗੱਲ ਦੱਸ ਕੋਈ
ਹੰਝੂ ਕੇਰਦੀ ਬਹਿਣ ਉਹ ਲੱਗੀ
ਡੁਸਕਦੀ-ਡੁਸਕਦੀ ਕਹਿਣ ਉਹ ਲੱਗੀ
ਪੌਣੀ ਸਦੀ ਪੁਰਾਣੀ ਹੋਈ
ਦੱਖਾਂ ਭਰੀ ਕਹਾਣੀ ਹੋਈ
ਬਲ਼ਦੀ ਅੱਗ ਬੁਝਾਵਾਂ ਕਿੱਦਾਂ
ਲੱਥੀ ਪੱਤ ਭੁਲਾਵਾਂ ਕਿੱਦਾਂ

ਵੀਰਾ ਖੋਲ੍ਹਾਂ ਗੰਢ ਮੈਂ ਸਾਰੀ
ਟੱਬਰ ਦੀ ਇੱਕ ਧੀ ਪਿਆਰੀ
ਨਿੱਕ-ਸੁੱਕ ਵੇਚੇ ਦੇਵੇ ਹੋਕਾ
ਮਜਬੂਰੀ ਦਾ ਪੱਲੇ ਸੋਕਾ
ਉਮਰ ਦਾ ਵੀਹਵਾਂ ਸਾਲ ਸੀ ਉਸ ਦਾ
ਮੇਰੇ ਵਰਗਾ ਹਾਲ ਸੀ ਉਸ ਦਾ
ਜਾਣ ਨਾ ਉਸ ਦੇ ਅੰਗ ਸੰਭਾਲ਼ੇ
ਲੋਕੀਂ ਬਣ ਗਏ ਫਨੀਅਰ ਕਾਲ਼ੇ

ਗੱਲ ਰਹੀ ਨਾ ਉਸ ਦੇ ਵੱਸ ਦੀ
ਰੋ ਪਈ ਦਰਦ ਕਹਾਣੀ ਦੱਸਦੀ
ਨੀਰ ਓਸ ਨੇ ਮਸਾਂ ਲੁਕੋਇਆ
ਕਿਹਾ ਮੈਂ ਭੈਣੇ ਫਿਰ ਕੀ ਹੋਇਆ
ਓਸ ਕਿਹਾ ਇੱਕ ਸ਼ਾਇਰ ਆਇਆ
ਅੰਗ ਵੇਖ ਉਸ ਦੇ ਲਲਚਾਇਆ
ਹੋਰ ਹੀ ਲੱਗਾ ਪੜ੍ਹਨ ਪਹਾੜੇ
ਕਹਿੰਦਾ ਹੁਸਨ ਨੇ ਕੱਪੜੇ ਪਾੜੇ
ਕਦੇ ਨਸੀਬਾਂ ਤਾਂਈਂ ਕੋਸੇ
ਕਰੇ ਗ਼ਰੀਬੀ ਉੱਤੇ ਰੋਸੇ
ਧੀ ਦੇ ਉਸ ਨੇ ਤੱਕੇ ਵਾਲ਼
ਮੇਰੇ ਮੂੰਹੋਂ ਨਿੱਕਲ਼ੇ ਗਾਲ਼
ਉਸ ਦੇ ਵਾਲ਼ ਦੁਪਹਿਰੇ ਰਾਤਾਂ
ਕਹੀਆਂ ਓਸ ਫੁਕਰੀਆਂ ਬਾਤਾਂ
ਕਾਮੀ ਨਜ਼ਰਾਂ ਵਾਲ਼ਿਆਂ ਤੱਕਿਆ
ਟਿੱਚਰ ਕਰ ਕੇ ਸ਼ਾਇਰ ਹੱਸਿਆ
ਸਭ ਨੂੰ ਉਸ ਨੇ ਆਖਿਆ ਕੁੱਤੇ
ਪਰ ਨਾ ਮਾਰੇ ਸਿਰਾਂ 'ਚ ਜੁੱਤੇ
ਇੱਕਦਮ ਉਸ ਨੇ ਪਰਤਿਆ ਪਾਸਾ
ਨਾਲ਼ੇ ਹੱਸਿਆ ਖਚਰਾ ਹਾਸਾ
ਕਹਿੰਦਾ ਜਾਣੇ ਜੱਗ ਸਚਾਈਆਂ
ਵਾਲ਼ਾਂ ਨੇ ਤਾਂ ਰਾਤਾਂ ਪਾਈਆਂ
ਏਸੇ ਲਈ ਤਾਂ ਭੌਂਕਣ ਕੁੱਤੇ

ਦੋਸ਼ ਕੋਈ ਨਾ ਇਹਨਾਂ ਉੱਤੇ
ਸਾਰਿਆਂ ਰਲ਼ ਕੇ ਗਿੱਧਾ ਪਾਇਆ
ਮਜਬੂਰੀ ਦਾ ਜਸ਼ਨ ਮਨਾਇਆ
ਦਏ ਗ਼ਰੀਬੀ ਨੂੰ ਉਹ 'ਸੀਸਾਂ
ਕਹਿੰਦਾ ਤੇਰੀਆਂ ਨਈਓਂ ਰੀਸਾਂ
ਉਸ ਨੇ ਕਿਹਾ ਗ਼ਰੀਬੀ ਚੰਗੀ
ਲੰਬੀ ਉਮਰ ਏਸ ਦੀ ਮੰਗੀ
ਧੀ ਨੇ ਘੁੱਟ ਸਬਰ ਦਾ ਪੀਤਾ
ਸ਼ਾਇਰ ਨੇ ਇਨਸਾਫ਼ ਕੀ ਕੀਤਾ

ਇੰਝ ਕਹਿੰਦੀ ਉਹ ਗੁੰਮ-ਸੁੰਮ ਹੋ ਗਈ
ਹੋਸ਼ ਚੱਕਰਾਂ ਦੇ ਵਿੱਚ ਖੋ ਗਈ
ਸਿਰ ਉਸ ਦਾ ਮੈਂ ਜ਼ਰਾ ਹਿਲਾਇਆ
ਜਲ ਦੇ ਛਿੱਟੇ ਮਾਰ ਜਗਾਇਆ
ਉੱਠ ਤੱਕਿਆ ਉਸ ਨੀਝ ਲਗਾ ਕੇ
ਮੈਨੂੰ ਦੱਸਿਆ ਕੋਲ਼ ਬੁਲਾ ਕੇ
ਸ਼ਖ਼ਸ ਇੱਕ ਸੀ ਨਜ਼ਰੀਂ ਆਇਆ
ਚਿਹਰਾ ਹੱਥਾਂ ਨਾਲ਼ ਛੁਪਾਇਆ
ਕਿਹਾ ਮੈਂ ਚਿਹਰਾ ਕਰੋ ਖਾਂ ਨੰਗਾ
ਏਦਾਂ ਛੁਪਣਾ ਵੀ ਨਈਂ ਚੰਗਾ
ਸ਼ਰਮਿੰਦੇ ਹੋਏ ਨੇ ਹੱਥ ਹਟਾਏ
ਧੌਲ਼ਾ ਚਿਹਰਾ ਨਜ਼ਰੀਂ ਆਏ
ਲੰਬਾ ਚੌੜਾ ਮੁੱਖੜਾ ਕੋਈ
ਬੀਬੀ ਦਾੜ੍ਹੀ ਬੰਨ੍ਹੀ ਹੋਈ
ਨਜ਼ਰ ਦੀ ਵੱਡੀ ਐਨਕ ਲਾਈ
ਮੋਹਣੀ ਮੋਹਣੇ ਦੀ ਨੈੱਕਟਾਈ
ਕੋਟ ਪੱਗ ਵੀ ਪੂਰਾ ਫੱਬੇ
ਦੋ ਖੜ੍ਹੀਆਂ ਰੇਖਾਵਾਂ ਮੱਥੇ

ਉਹ ਹਟਵਾਂ ਜਿਹਾ ਆਣ ਖਲੋਇਆ
ਜਾਪ ਰਿਹਾ ਸੀ ਰੋਇਆ-ਰੋਇਆ
ਲੱਗਾ ਕਹਿਣ ਗੁਲੇਲੀ ਤਾਂਈਂ
ਰਹਿਮ ਕਰੇ ਇਸ ਜੱਗ ਦਾ ਸਾਈਂ

ਬੀਤੇ ਜ਼ਖ਼ਮ ਭੁਲਾ ਤੂੰ ਸਾਰੇ
ਸ਼ਿਕਵੇ ਰੰਜ ਮਿਟਾ ਤੂੰ ਸਾਰੇ
ਗੁਲੇਲੀ! ਸਿਰਜੀ ਜਦੋਂ 'ਗੁਲੇਲੀ'
ਤੋਰ ਮੇਰੀ ਸੀ ਤਦ ਅਲਬੇਲੀ
ਮਨ ਦੀ ਲਹਿਰ ਸਿਗੀ ਮਸਤਾਨੀ
ਪੁੱਜੀ ਹੋਈ ਸੀ ਸਿਖਰ ਜਵਾਨੀ
ਜੋਸ਼ ਜਿਹੇ ਵਿੱਚ ਕਾਹਲ਼ੀ ਹੋਈ
ਗੱਲ ਤਾ ਹੋਰ ਨਹੀਂ ਸੀ ਕੋਈ
ਬੋਲ ਬੋਲਦਾ ਗਿਆ ਉਹ ਚੁਣ-ਚੁਣ
ਜ਼ਖ਼ਮੀਂ ਹੋਈ ਗੁਲੇਲੀ ਸੁਣ-ਸੁਣ
ਕਿਹਾ ਪਲ਼ੋਪੇ ਹੁਣ ਨਾ ਪਾ
ਜ਼ਖ਼ਮਾਂ 'ਤੇ ਨਾ ਲੂਣ ਵਰ੍ਹਾ
ਗੱਲ ਜ਼ੁਬਾਨੋਂ ਤੀਰ ਕਮਾਨੋਂ
ਨਿੱਕਲ਼ੇ ਮੁੜਦੇ ਕਦ ਇਨਸਾਨੋਂ
ਜੋ ਸ਼ਾਇਰ ਇਨਸਾਫ਼ ਨਾ ਕਰਦਾ
ਜੱਗ ਓਸ ਨੂੰ ਮਾਫ਼ ਨਾ ਕਰਦਾ

ਸ਼ਾਇਰ ਤੁਰਿਆ ਨਿੰਮੋਝੂਣਾ
ਪੋਲੇ-ਪੋਲੇ ਊਣਾ-ਊਣਾ
ਭੈਣ ਗੁਲੇਲੀ ਰਸਤੇ ਪੈ ਗਈ
ਮੈਨੂੰ ਰਾਜ਼ੀ-ਬਾਜ਼ੀ ਕਹਿ ਗਈ
ਮੁੱਢ ਤੋਂ ਕਥਾ ਵਿਚਾਰ ਰਿਹਾ ਹਾਂ
ਅੰਦਰ ਝਾਤੀ ਮਾਰ ਰਿਹਾ ਹਾਂ

***

ਝੰਡੇ ਵੇਚ ਰਹੀ ਹਾਂ

ਝੰਡੇ ਵੇਚ ਰਹੀ ਹਾਂ
ਕਈ ਹਰੇ ਝੰਡੇ ਖ਼ਰੀਦ
ਤੁਰ ਪੈਂਦੇ ਨੇ
ਮੜ੍ਹੀਆਂ ਵਲ੍ਹ ਮਸਾਣਾਂ ਵਲ੍ਹ
ਦਰਬਾਰਾਂ ਦਰਗਾਹਾਂ ਵਲ੍ਹ
ਮਨਮਰਜ਼ੀ ਦੀਆਂ ਰਾਹਾਂ ਵਲ੍ਹ
ਸਿਜਦੇ ਕਰਨ ਲਈ
ਹਾਜ਼ਰੀਆਂ ਭਰਨ ਲਈ

ਕਈ ਗੋਟੇ ਵਾਲ਼ੇ ਲਾਲ ਝੰਡੇ ਉਠਾ
ਗਿੱਧਾ ਭੰਗੜਾ ਪਾਉਂਦਿਆਂ
ਢੋਲਕੀ ਕੁੱਟਦਿਆਂ ਚਿਮਟੇ ਖੜਕਾਉਂਦਿਆਂ
ਪਹਾੜਾਂ ਵਲ੍ਹ ਕਦਮ ਵਧਾਉਂਦਿਆਂ
ਪੁਕਾਰ ਕਰਦੇ
ਜੈ ਜੈਕਾਰ ਕਰਦੇ

ਕਈ ਖ਼ਰੀਦ ਕੇ ਝੰਡੇ ਕੇਸਰੀ
ਉੱਚੀ ਹਵਾ 'ਚ ਹੋ ਕੇ
ਧਰਮ ਦੀ ਚਾਸ਼ਨੀ 'ਚ ਡੁੱਬੀਆਂ ਹੇਕਾਂ ਲਾਉਂਦੇ
ਅੱਗੇ ਵਧਦੇ ਝੋਲ਼ੀਆਂ ਭਰਨ ਲਈ
ਜੀਵਨ ਸਫ਼ਲਾ ਕਰਨ ਲਈ

ਹਰ ਕੋਈ ਮੇਰੀ ਜ਼ਖ਼ਮੀ ਤਲ਼ੀ 'ਤੇ
ਰੁਪਈਏ ਟਿਕਾਉਂਦਿਆਂ
ਆਪਣੇ ਪੋਟੇ ਛੁਹਾਉਣ ਦੀ ਕੋਸ਼ਿਸ਼ ਕਰੇ
ਅੱਖਾਂ 'ਚ ਅੱਖਾਂ ਪਾਉਣ ਦੀ ਕੋਸ਼ਿਸ਼ ਕਰੇ
ਸਾਰੇ ਆਪਣੇ-ਆਪਣੇ ਝੰਡੇ ਪਕੜ

ਪਕੜ ਆਪਣੇ-ਆਪਣੇ ਰਾਹ
ਇੱਕ ਦੂਜੇ ਨੂੰ ਪਏ ਸਮਝਾਣ
ਭਾਵੇਂ ਝੰਡੇ, ਰਾਹ ਨੇ ਵੱਖਰੇ
ਵੱਖੋ- ਵੱਖ ਇਨ੍ਹਾਂ ਦੇ ਨਾਂ
ਪਰ ਪਹੁੰਚਾਵਣ ਸਭ ਨੂੰ ਇੱਕੋ ਥਾਂ
ਪਏ ਦਲੀਲੀਂ ਇੱਕ ਦੂਜੇ ਦਾ ਪੱਖ ਪੂਰਨ
ਐਪਰ ਅੰਦਰੋ-ਅੰਦਰੀ ਇੱਕ ਦੂਜੇ ਨੂੰ ਘੂਰਨ

ਸਭਨਾਂ ਪਿੱਛੋ ਠੂੰਹਾਂ ਬੰਦਾ
ਕਾਹਲ਼ੀ-ਕਾਹਲ਼ੀ ਭਾਅ ਕੀਤੇ ਬਿਨ ਸੁੱਟੇ ਨੋਟ
ਸਭ ਰੰਗਾਂ ਦੇ ਝੰਡੇ ਚੁੱਕੇ
ਬਾਂਸਾਂ ਉੱਤੇ ਬੰਨ੍ਹ ਕੇ ਉੱਚੇ
ਸਭ ਧਰਮਾਂ ਦੀਆਂ ਹੇਕਾਂ ਲਾਵੇ
ਤਕਰੀਰਾਂ ਵਿੱਚ ਵਿਤਕਰਿਆਂ ਦੇ ਵਰਕੇ ਪਾੜੇ
ਤਿਲਕ ਲਗਾਵੇ ਕਰੇ ਅਰਦਾਸਾਂ
ਕਿੱਧਰੇ ਜਾ ਕੇ ਚਾਦਰਾਂ ਚਾੜ੍ਹੇ
ਈਸਾ ਦਾ ਵੀ ਨਾਮ ਧਿਆਵੇ
ਡੇਰਿਆਂ 'ਤੇ ਵੀ ਡੋਰੇ ਪਾਵੇ
ਸਭ ਨੂੰ ਆਪਣੇ ਪਿੱਛੇ ਲਾਵੇ
ਆਖੇ ਮੇਰੇ ਹੱਕ ਦੀ ਹਵਾ ਬਣਾਇਓ
ਮੈਨੂੰ ਉੱਚੇ ਤਖ਼ਤ ਬਿਠਾਇਓ
ਸਿਰ ਸੋਨੇ ਦਾ ਛਤਰ ਝੁਲਾਇਓ

ਏਨਾ ਤਾਂ ਹੁਣ ਜਾਣ ਗਈ ਹਾਂ
ਡੂੰਘੀ ਰਮਜ਼ ਪਛਾਣ ਗਈ ਹਾਂ
ਆਦਿ-ਜੁਗਾਦੋਂ
ਧਰਮ ਅਤੇ ਠੂੰਹੇਂ ਦੀ ਜੋਟੀ
ਦੋਹਾਂ ਦੀ ਇੱਕੋ ਲੰਗੋਟੀ
ਪਰ ਮੇਰਾ ਤਾਂ ਧਰਮ ਹੈ ਰੋਟੀ
ਭੁੱਖ ਦਾ ਮਸਲਾ ਭਖਵਾਂ ਮਸਲਾ
ਨੱਪਿਆ ਦੋਹਾਂ ਵੇਖ ਰਹੀ ਹਾਂ
ਬਚਪਨ ਤੋਂ ਹੀ ਝੰਡੇ ਵੇਚ ਰਹੀ ਹਾਂ

***

ਖੋਤੇ ਦਾ ਖ਼ਾਬ

ਭੱਠੇ ਦਾ ਕਾਣਾ ਖੋਤਾ
ਮਾਲਕ ਦੀ ਚੀਕਣੀ ਮਿੱਟੀ ਦੇ ਢੇਰ 'ਤੇ
ਅੰਬਰ ਵਲ੍ਹ ਮੂੰਹ ਕਰ ਅੰਗੜਾਈ ਲੈਂਦਿਆਂ
ਰੰਗਲਾ ਖ਼ਾਬ ਲੈਂਦਾ ਹੈ
ਤਖ਼ਤ 'ਤੇ ਜਾ ਬਹਿੰਦਾ ਹੈ
ਕਿਤੇ ਕੋਈ ਸੁਣ ਨਾ ਲਏ
ਹੌਲ਼ੀ-ਹੌਲ਼ੀ ਆਪਣੇ ਆਪ ਨੂੰ ਕਹਿੰਦਾ ਹੈ-
ਜੇ ਮੇਰੀ ਮੁੱਠ 'ਚ ਹੋਏ ਗਾਂਧੀ ਠੱਪਾ
ਜ਼ਰਖ਼ੇਜ਼ ਸੌ ਵਿੱਘੇ ਦਾ ਦੀਵਾ
ਮੇਰੀ ਤਲ਼ੀ 'ਤੇ ਬਲ਼ਦਾ ਹੋਵੇ
ਮੇਰੇ ਆਖੇ ਸੂਰਜ ਚੜ੍ਹਦਾ ਢਲ਼ਦਾ ਹੋਵੇ
ਮੈਂ ਸਭਨਾਂ ਗਲ਼ ਸੰਗਲ਼ ਪਾਵਾਂ
ਪੀਂਘ ਨਸ਼ੇ ਦੀ ਝੂਟਣ ਲਾਵਾਂ
ਆਪਣੇ ਹੱਕ ਵਿੱਚ ਭੁਗਤਾਵਾਂ
ਫਿਰ ਬੈਠਾ ਹੁਕਮ ਚਲਾਵਾਂ
ਲੱਦਾਂ ਮੈਂ ਬੋਝ ਸਾਰਿਆਂ 'ਤੇ
ਰੱਬ ਦਿਆਂ ਪਿਆਰਿਆਂ 'ਤੇ

ਕਾਣੇ ਖੋਤੇ ਦੇ
ਇਤਿਹਾਸਕ ਖ਼ਾਬ ਦਾ ਗੁਲਾਬ
ਝਟਕੇ ਨਾਲ਼ ਮੁਰਝਾ ਗਿਆ
ਖ਼ਾਬ ਟੁੱਟਿਆ ਤਖ਼ਤ ਖਿਸਕਿਆ
ਉਸ ਨੂੰ ਯਾਦ ਆਇਆ ਕਿ
ਖੋਤਾ ਚੋਣ ਨਹੀਂ ਲੜ ਸਕਦਾ
ਖੋਤਾ ਚੋਣ-ਝੰਡਾ ਨਹੀਂ ਫੜ ਸਕਦਾ

ਖੋਤਾ ਚੋਣ ਨਿਸ਼ਾਨ ਹੋ ਸਕਦਾ ਹੈ
ਖੋਤਾ ਭਾਰ ਹੀ ਢੋ ਸਕਦਾ ਹੈ
ਦੁਲੱਤਾ ਮਾਰਨ ਦੀ ਗੱਲ ਛੱਡੋ
ਉਹ ਤਾਂ ਉਸ ਨੂੰ ਕਦੋਂ ਦਾ ਭੁਲਾ ਛੱਡਿਆ ਹੈ
ਰਾਜਿਆਂ ਉਸ ਦਾ ਨਾਮ
ਸੁਨਿਹਰੀ ਸੂਚੀ ਵਿੱਚ ਪੁਆ ਛੱਡਿਆ ਹੈ

ਖੋਤਾ ਮਿੱਟੀ ਦੀ ਢੇਰੀ 'ਤੇ
ਢੇਰੀ ਢਾਹੁੰਦਿਆਂ ਬੁੜਬੜਾਇਆ–
ਉਏ ਖੋਤਿਆ!
ਦਾਨੇ ਪਤਵੰਤੇ ਚੋਣ-ਢੋਲ ਵਜਾਉਂਦੇ ਨੇ
ਖੋਤੇ ਨਹੀਂ
ਕੇਵਲ ਸਿਆਣੇ ਹੀ ਵੋਟ ਪਾਉਂਦੇ ਨੇ
ਦੇਖ ਤਾਂ ਸਈ ਉਹ ਮੁਲਖ ਨੂੰ ਕਿੱਦਾਂ
ਅੱਗੇ ਹੋਰ ਅੱਗੇ ਪਏ ਲਿਜਾਂਦੇ ਨੇ
ਖੋਤਿਆਂ ਦੇ ਮਖੌਟੇ ਪਹਿਨੀ
ਮੇਰੀ ਕੌਮ 'ਤੇ ਉਹ ਵਿਅੰਗ ਕੱਸਣਗੇ
ਉਹ ਇੱਕ ਦੂਜੇ ਨੂੰ ਦੱਸਦਿਆਂ ਹੱਸਣਗੇ
ਕਿ ਭਾਰ ਢੋਣ ਵਾਲ਼ਿਆਂ ਦੇ
ਤਖ਼ਤ ਨਾਲ਼ ਮੋਹ ਵਾਲ਼ੇ ਬੋਲ
ਭਲਾ ਏਥੇ ਕਿਸ ਨੂੰ ਸੁਖਾਂਦੇ ਨੇ
ਅੱਜਕਲ ਕਾਣੇ ਖੋਤੇ ਨੂੰ
ਖ਼ਾਬ ਕਿਸ ਤਰ੍ਹਾਂ ਦੇ ਆਂਦੇ ਨੇ

***

ਰੰਗਲਾ ਮੌਕਾ

ਭਰ ਜਵਾਨੀ ਵਿੱਚ ਸਿਆਲ਼
ਬਰਫ਼ ਪਹਾੜੀਂ ਪਵੇ ਕਮਾਲ
ਮਿੱਤਰ ਕਹਿੰਦੇ ਮਾਨਣ ਜਾਣਾ
ਰੰਗਲਾ ਮੌਕਾ ਮੁੜ ਨਾ ਆਣਾ

ਮੈਂ ਵੀ 'ਹਾਂ'ਵਿੱਚ 'ਹਾਂ'ਮਿਲ਼ਾਈ
ਕੋਟ ਦੀ ਜੇਬ੍ਹ 'ਚ ਦੱਥੀ ਪਾਈ
ਆਪਣੀ ਗੱਡੀ ਬਹਿ ਗਏਂ ਸਾਰੇ
ਵੱਖੋ-ਵੱਖਰੇ ਜਸ਼ਨ ਵਿਚਾਰੇ

ਕਹਿਣ ਬਰਫ਼ ਤਲ਼ੀਆਂ 'ਤੋਂ ਚੱਖਣੀ
ਚੁਟਕੀਆਂ ਭਰ ਗੱਲ੍ਹਾਂ 'ਤੇ ਰੱਖਣੀ
ਹੋਠਾਂ ਨਾਲ਼ ਵੀ ਅਸਾਂ ਲਗਾਣੀ
ਜੀਵਨ ਨਈਆ ਹੈ ਛਲਕਾਣੀ

ਪਹੁੰਚੇ ਜਦੋਂ ਪਹਾੜਾਂ ਉੱਤੇ
ਰੱਜੇ-ਪੁੱਜੇ ਨਿੱਘੀਂ ਸੁੱਤੇ
ਠੁਰ-ਠੁਰ ਕਰਦਾ ਭੁੱਖਾ ਟੋਲਾ ਮੰਗਣ ਆਇਆ
ਰੰਗਲਾ ਮੌਕਾ ਝੱਟ ਮੁਰਝਾਇਆ

ਕਿਹਾ ਮਜ਼ੂਰਾਂ ਜੀਵਨ ਸੁੱਕਿਆ
ਸਾਡਾ ਤਾਂ ਕੰਮ-ਧੰਦਾ ਮੁੱਕਿਆ
ਹੈ ਨਈਂ ਹੋਰ ਦਿਹਾੜੀ-ਧੱਪਾ
ਬਰਫ਼ ਤਾਂ ਜਾਣੋ ਜਿੰਨ ਹੈ ਲੱਥਾ

ਅਗਲੇ ਦਿਨੀਂ ਘਰ ਆਪਣੇ ਆ ਕੇ
ਤੱਕਿਆ ਜ਼ਰਾ ਮੈਂ ਨੀਝ ਲਗਾ ਕੇ
ਲੰਮੇ-ਲੰਮੇ ਚੋਲ਼ੇ ਪਾਈ
ਮੋਢਿਆਂ 'ਤੇ ਕੁਲਹਾੜੇ ਚਾਈ
ਰੰਗਲੇ ਮੌਕੇ ਦੇ ਤੜਪਾਏ
ਸਾਡੇ ਪਿੰਡ ਦਿਹਾੜੀ ਆਏ

***

ਭੈ ਨਾ ਆਵੇ

ਹੋਕਾ ਦੇਵੇ ਸੁਰਤ ਜੇਸ ਦੀ
ਦਿਲੀਂ ਸਿਆੜ ਲਗਾਵੇ
ਭਰਮ ਭੁਲਾਵੇ

ਤਾਰਿਆਂ ਵਰਗੇ ਸ਼ਬਦ ਬੀਜਦਾ
ਚਾਨਣ ਪਿਆ ਉਗਾਵੇ
ਭੇਦ ਮਿਟਾਵੇ

ਉਹ ਤਾਂ ਨਗ਼ਮਾ ਦੁਧੀਆ ਰਾਹ ਦਾ
ਹੇਕਾਂ ਲਾ ਕੇ ਗਾਵੇ
ਤਖ਼ਤ ਹਿਲਾਵੇ

ਹਾਕਮ ਡਾਢਾ ਪਕੜ ਕੁਹਾੜਾ
ਭਾਵੇਂ ਸੀਸ ਉਡਾਵੇ
ਭੈ ਨਾ ਆਵੇ

***

ਡਾਂਗਾਂ ਵਾਲ਼ੇ ਵੀਰੋ

ਡਾਂਗਾਂ ਵਾਲ਼ੇ ਵੀਰੋ
ਕੋਈ ਜਮਾਂਦਰੂ ਖ਼ਤਰਨਾਕ ਨਹੀਂ ਹੁੰਦਾ
ਉਹ ਵੀ ਜਮਾਂਦਰੂ ਖ਼ਤਰਨਾਕ ਨਹੀਂ ਹਨ
ਡੰਗਣਾ ਉਨ੍ਹਾਂ ਦਾ ਨਾ ਸ਼ੌਕ ਹੈ ਨਾ ਸੁਭਾ
ਜਦ ਕੋਈ ਸਾਂਝਾ ਫ਼ਲ਼ ਆਪ ਹੀ ਚੱਖਣ ਲਈ
ਆਪਣਾ ਹੀ ਸਿਰ ਉੱਚਾ ਰੱਖਣ ਲਈ
ਡਾਂਗ ਦੇ ਸਿਰੇ ਨਾਲ਼
ਕਿਸੇ ਦੀ ਸਿਰੀ ਠੋਰਨ ਲੱਗਦਾ ਹੈ
ਖਚਰਾ ਹਾਸਾ ਹੱਸਦਾ ਹੈ
ਉਹ ਸਿਰੀਆਂ ਚੁੱਕ ਖੜੋ ਜਾਂਦੇ
ਫੁੰਕਾਰੇ ਮਾਰਦੇ ਡਾਂਗਾਂ ਲਲਕਾਰਦੇ
ਸਦਾ ਇੰਝ ਹੀ ਹੋਇਆ
ਹੁਣ ਵੀ ਇੰਝ ਹੋਣਾ ਹੀ ਸੀ
ਉਨ੍ਹਾਂ ਸਿਰੀਆਂ ਚੁੱਕ ਖੜੋਣਾ ਹੀ ਸੀ

ਸਿਰਕੱਢ ਮਾਲਕ ਠੁੱਕ ਨਾਲ਼ ਰਹਿਣ ਵਾਲ਼ੇ
ਧਾਰਮਿਕ ਮਖੌਟਿਆਂ ਨਾਲ਼ ਮਿਲ਼ ਕੇ
ਤਾਜ-ਤਖ਼ਤ ਨੂੰ ਪੱਗਵਟ ਭਰਾ ਕਹਿਣ ਵਾਲ਼ੇ
ਡਾਂਗਾਂ ਵਾਲ਼ੇ
ਉਨ੍ਹਾਂ ਦਾ ਸਿਰੀਆਂ ਚੁੱਕਣਾ ਸਹਿ ਨਾ ਸਕੇ
ਚੁੱਪ ਕੀਤੇ ਰਹਿ ਨਾ ਸਕੇ
ਟਿਕ ਕੇ ਬਹਿ ਨਾ ਸਕੇ
ਆਪਣੇ ਲੁਕਵੇਂ ਪੜ੍ਹੇ 'ਚ ਇੱਕਸੁਰ ਹੋ ਕੇ
ਉਨ੍ਹਾਂ ਇੱਕ ਮਤਾ ਪਕਾਇਆ
ਦਰਬਾਰ ਵਿੱਚ ਸਿਜਦਾ ਕਰ ਕੇ
ਉਨ੍ਹਾਂ ਨੂੰ ਖ਼ਤਰਨਾਕ ਸੱਪਾਂ ਦੀ ਸੂਚੀ ਵਿੱਚ ਪੁਆਇਆ
ਹਰ ਝਾੜੀ ਖੁੱਡ ਵਿੱਚ
ਬੀਨ ਪਲਟੂਨ ਦਾ ਗੇੜਾ ਲਗਵਾਇਆ

ਕਿੱਲਾਂ ਖੁਰੀਆਂ ਵਾਲ਼ੇ ਕਾਲ਼ੇ ਬੂਟਾਂ ਨਾਲ਼
ਚੱਪਾ-ਚੱਪਾ ਮਿਧਵਾਇਆ
ਹਰ ਇੱਕ ਨੂੰ ਮਿੱਧਿਆ ਜੂਹੋਂ ਬਾਹਰ ਕਢਵਾਇਆ
ਵਾਪਸੀ ਦੇ ਹਰ ਰਾਹ 'ਤੇ ਨਾਕਾ ਲਗਵਾਇਆ

ਸੂਚੀ ਵਿੱਚ ਪਏ ਉਹ
ਬੇਗਾਨੀਆਂ ਜੂਹਾਂ 'ਚ ਡਿਗ੍ਹਦੇ- ਢਹਿੰਦੇ ਨੇ
ਸੌ-ਸੌ ਮਿਹਣੇ ਸਹਿੰਦੇ ਨੇ
ਕੌਣ ਜਾਣੇ ਉਹ ਕਿਹੜੇ ਹਾਲ ਰਹਿੰਦੇ ਨੇ
ਤੁਹਾਡੀ ਅੱਤ ਦੀ ਆਤਿਸ਼ ਦੇ ਤਪਾਏ
ਤੁਹਾਡੀਆਂ ਸੱਟਾਂ ਦੇ ਤੜਪਾਏ
ਕੀ ਪਤਾ
ਉਹ ਕੀ-ਕੀ ਸਕੀਮਾਂ ਘੜਨਗੇ
ਖੋਰੇ ਕਿਹੜਾ-ਕਿਹੜਾ ਰਾਹ ਫੜਨਗੇ

ਡਾਂਗਾਂ ਵਾਲ਼ੇ ਵੀਰੋ
ਡਾਂਗਾਂ ਨੂੰ ਰੱਜੇ ਬੱਚਿਆਂ ਵਾਂਗ ਸੁਲ਼ਾ ਦਿਓ
ਤਾਜ-ਤਖ਼ਤ ਦੇ ਖਾਨੇ ਵੀ ਗੱਲ ਪਾ ਦਿਓ
ਆਕੜਾਂ-ਚੌਧਰਾਂ ਨੂੰ ਤੀਲ੍ਹੀ ਲਾ ਦਿਓ
ਸਤਿ ਧਰਮ ਦਾ ਸ਼ੁੱਧ ਤੇਲ ਪਾ ਕੇ
ਚਮੁਖੀਆ ਦੀਪ ਜਗਾ ਦਿਓ
ਭੁੱਖ ਉਨ੍ਹਾਂ ਨੂੰ ਵੀ ਲੱਗਦੀ ਹੈ
ਉਨ੍ਹਾਂ ਦੀ ਝੋਲ਼ੀ ਵੀ ਫਲ਼ ਪਾ ਦਿਓ
ਸੂਚੀ ਬਣਾ ਕੇ ਰੱਤ ਚੂਸਣੀ ਛੱਡੋ
ਨਹੀਂ ਤਾਂ ਉਹ
ਆਪਣੀਆਂ ਸਿਰੀਆਂ ਖ਼ਤਰੇ ਵਿੱਚ ਪਾ
ਐਸੇ ਡੰਗ ਚਲਾਣਗੇ
ਸ਼ਹਿਰਾਂ ਦੇ ਸ਼ਹਿਰ ਪਿੰਡਾਂ ਦੇ ਪਿੰਡ
ਇੱਕ ਵੱਢਿਓਂ ਨੀਲੇ ਹੋ ਜਾਣਗੇ

***

ਲੇਖਕ ਦੀਆਂ ਹੋਰ ਪੁਸਤਕਾਂ:

✪ ਧੁੱਪ ਦੀ ਤਲਾਸ਼ (2009) ਕਾਵਿ-ਸੰਗ੍ਰਹਿ